**ਮਡੀਊਲ 7**

# ਸਕੂਲੀ ਸਿੱਖਿਆ ਅੰਦਰ ਨਵੀਆਂ ਪਹਿਲ-ਕਦਮੀਆਂ

## ਪ੍ਰਸਤਾਵਨਾ

ਸਿੱਖਿਆ ਮਾਨਵ ਸੰਸਾਧਨ ਵਿਕਾਸ ਦਾ ਮੂਲ ਹੈ, ਜੋ ਦੇਸ਼ ਦੀ ਸਮਾਜਕ-ਆਰਥਕ ਬਨਾਵਟ ਨੂੰ ਸੰਤੁਲਿਤ ਕਰਨ ਵਿੱਚ ਮਹੱਤਵਪੂਰਨ ਅਤੇ ਸਹਾਇਕ ਭੂਮਿਕਾ ਨਿਭਾਉਂਦੀ ਹੈ। ਇਸ ਮਿਸ਼ਨ ਨੂੰ ਸੱਚ ਕਰਨ ਲਈ ਮਾਨਵ ਸੰਸਾਧਨ ਵਿਕਾਸ ਮੰਤਰਾਲਾ ( ਐੱਮ. ਐੱਚ. ਆਰ. ਡੀ. ) ਦੇ ਵਿਭਾਗਾਂ ਰਾਹੀਂ ਕੰਮ ਕਰਦਾ ਹੈ-

- ਸਕੂਲੀ ਸਿੱਖਿਆ ਅਤੇ ਸਾਖਰਤਾ ਵਿਭਾਗ (ਡੀ.ਓ. ਐਸ.ਈ.ਐਲ.)
- ਉੱਚ ਸਿੱਖਿਆ ਵਿਭਾਗ

ਐੱਮ. ਐੱਚ. ਆਰ. ਡੀ. ਆਪਣੇ ਸੰਗਠਨਾਂ ਜਿਵੇਂ ਐਨ. ਸੀ. ਈ. ਆਰ. ਟੀ. , ਐਨ. ਆਈ. ਈ. ਪੀ. ਏ. , ਐਨ. ਆਈ. ਓ. ਐਸ. , ਐਨ. ਸੀ. ਟੀ. ਈ. ਆਦਿ ਨਾਲ ਮਿਲ ਕੇ ਕੰਮ ਕਰ ਰਿਹਾ ਹੈ। ਹਾਲਾਂਕਿ ਐੱਮ. ਐੱਚ. ਆਰ. ਡੀ. ਦਾ ਦਾਇਰਾ ਬਹੁਤ ਵਿਆਪਕ ਹੈ, ਇਹ ਮੌਡਿਊਲ ਡੀ.ਓ.ਐਸ.ਈ.ਐਲ. ਦੁਆਰਾ ਸਰਵ - ਵਿਆਪਕ ਸਿੱਖਿਆ ਅਤੇ ਇਸ ਦੀ ਗੁਣਵੱਤਾ ਵਿੱਚ ਸੁਧਾਰ ਦੀ ਦਿਸ਼ਾ ਵਿੱਚ ਹਾਲ ਹੀ ਵਿੱਚ ਕੀਤੇ ਗਏ ਯਤਨਾਂ ਉੱਤੇ ਕੇਂਦਰਤ ਹੈ।

## ਸਿੱਖਣ ਉਦੇਸ਼

ਇਸ ਮੌਡਿਊਲ ਦੇ ਅਧਿਐਨ ਨਾਲ ਸਿਖਿਆਰਥੀ ਸਕੂਲੀ ਸਿੱਖਿਆ ਅਤੇ ਇਸ ਦੀ ਗੁਣਵੱਤਾ ਵਿੱਚ ਸੁਧਾਰ ਦੀ ਦਿਸ਼ਾ ਵਿੱਚ ਹਾਲ ਹੀ ਵਿੱਚ ਕੀਤੇ ਗਏ ਯਤਨਾਂ ਜਾਗਰੁਕ ਹੋਕੇ ਇਹਨਾਂ ਨੂੰ ਸਕੂਲਾਂ ਵਿੱਚ ਲਾਗੂ ਕਰ ਸਕਣਗੇ ਅਤੇ ਸਕੂਲਾਂ ਵਿੱਚ ਸਿੱਖਣ-ਪੜ੍ਹਨ ਦੀਆਂ ਆਦਤਾਂ ਨੂੰ ਉਤਸ਼ਾਹਤ ਕਰਨ ਦੇ ਪ੍ਰਸੰਗ ਵਿੱਚ ਪੁਸਤਕਾਲਿਆਂ, ਖੇਡਾਂ, ਬਾਗਵਾਨੀ, ਨੌਜਵਾਨ ਕਲੱਬਾਂ ਆਦਿ ਦੀਆਂ ਕਿਰਿਆਵਾਂ ਰਾਹੀਂ ਬੱਚਿਆਂ ਨੂੰ ਅੰਨਦਮਈ ਅਨੁਭਵਾਂ ਰਾਹੀਂ ਸਿੱਖਣ ਦੇ ਮੌਕੇ ਪ੍ਰਦਾਨ ਕਰਨਗੇ।

## ਜਾਣ- ਪਛਾਣ

1976 ਤੋਂ ਪਹਿਲਾਂ ਸਿੱਖਿਆਂ ਰਾਜਾਂ ਦੀ ਵਿਸ਼ੇਸ਼ ਜ਼ਿੰਮੇਵਾਰੀ ਸੀ। 1976 ਦੀ ਸੰਵਿਧਾਨਕ ਸੋਧ ਰਾਹੀਂ ਇਸ ਨੂੰ ਸਮਵਰਤੀ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ, ਜਿਸ ਨਾਲ ਕੇਂਦਰ ਨੇ ਸਿੱਖਿਆ ਦੇ ਪ੍ਰਸੰਗ ਵਿੱਚ ਆਪਣੀ ਵੱਡੀ ਜ਼ਿੰਮੇਵਾਰੀ ਨੂੰ ਸਵੀਕਾਰ ਕੀਤਾ। ਭਾਰਤ ਸਰਕਾਰ ਨੇ ਦੇਸ਼ ਅੰਦਰ ਪ੍ਰਾਇਮਰੀ ਸਿੱਖਿਆ ਦੇ ਸਰਵ-ਵਿਆਪੀਕਰਨ ਦੀ ਪ੍ਰਾਪਤੀ ਦੇ ਨਾਲ਼ ਨਾਲ਼ ਮਾਧਮਿਕ ਸਿੱਖਿਆ ਨੂੰ ਹੁਲਾਰਾ ਦੇਣ ਲਈ ਕਈ ਯੋਜਨਾਵਾਂ ਅਤੇ ਪ੍ਰੋਗਰਾਮਾਂ ਦੀ ਸ਼ੁਰੂਆਤ ਕੀਤੀ ਜਿਹਨਾਂ ਨੂੰ ਆਮ ਤੌਰ ਤੇ ਕੇਂਦਰ ਪ੍ਰਯੋਜਤ ਯੋਜਨਾ (ਸੀ. ਐੱਮ. ਐਸ.) ਕਿਹਾ ਜਾਂਦਾ ਹੈ। ਇਹ ਉਹ ਯੋਜਨਾਵਾਂ ਹਨ ਜਿਹਨਾਂ ਨੂੰ ਆਮ ਤੌਰ ਤੇ ਰਾਜ ਸਰਕਾਰਾਂ ਦੁਆਰਾ ਲਾਗੂ ਕੀਤਾ ਜਾਂਦਾ ਹੈ, ਪ੍ਰੰਤੂ ਇਹਨਾਂ ਲਈ ਗਰਾਂਟਾਂ ਦਾ ਪ੍ਰਬੰਧ ਮੁੱਖ ਤੌਰ ਤੇ ਕੇਂਦਰ ਸਰਕਾਰ ਕਰਦੀ ਹੈ, ਜਿਹਨਾਂ ਵਿੱਚ ਰਾਜ ਸਰਕਾਰਾਂ ਦੀ ਹਿੱਸੇਦਾਰੀ ਵੀ ਨਿਰਧਾਰਤ ਹੁੰਦੀ ਹੈ। ਹਾਲ ਹੀ ਵਿੱਚ ਐੱਮ. ਐੱਚ. ਆਰ. ਡੀ. ਨੇ ਪਰਦਰਸ਼ਨ ਗਰੇਡ ਇੰਡੈਕਸ (ਪੀ.ਜੀ.ਆਈ.), ਯੂ.ਡੀ.ਆਈ.ਐਸ.ਈ +ਸਕੂਲ ਆਡਿਟ ਅਤੇ ਰਾਸ਼ਟਰੀ ਪ੍ਰਾਪਤੀ ਸਰਵੇ (ਐਨ.ਏ.ਐਸ) ਵਰਗੇ ਕਈ ਨਵੇਂ ਯਤਨ ਕੀਤੇ ਹਨ ਤਾਕਿ ਸਮੱਗਰ ਸਿੱਖਿਆ ਦੇ ਅਧੀਨ ਸੋਚੇ ਗਏ ਵਿਦਿਅਕ ਟੀਚਿਆਂ ਨੂੰ ਪ੍ਰਾਪਤ ਕੀਤਾ ਜਾ ਸਕੇ ਅਤੇ ਸਕੂਲੀ ਸਿੱਖਿਆ ਦੀ ਸਮੁੱਚੀ ਗੁਣਵਤਾ ਵਿੱਚ ਸੁਧਾਰ ਲਿਆਂਦਾ ਜਾ ਸਕੇ।

## ਸਮੱਗਰ ਸਿੱਖਿਆ - ਸਕੂਲੀ ਸਿੱਖਿਆ ਲਈ ਸੰਮਿਲਤ ਯੋਜਨਾ

ਮਾਨਵ ਸੰਸਾਧਨ ਵਿਕਾਸ ਮੰਤਰਾਲੇ ਨੇ 2018-19 ਵਿੱਚ ਸਮੱਗਰ ਸਿੱਖਿਆ ਦਾ ਸ਼ੁੱਭ-ਅਰੰਭ ਕੀਤਾ। ਸਿੱਖਿਆ ਦੇ ਖੇਤਰ




ਵਿੱਚ ਇਹ ਸਰਵ-ਸਮਾਵੇਸ਼ੀ ਯੋਜਨਾ ਹੈ ਜਿਸ ਵਿੱਚ ਸਰਵ ਸਿੱਖਿਆ ਅਭਿਆਨ, ਰਾਸ਼ਟਰੀ ਮੱਧਮਿਕ ਸਿੱਖਿਆ ਅਭਿਆਨ ਅਤੇ ਅਧਿਆਪਨ ਸਿੱਖਿਆ ਨੂੰ ਇੱਕਠਾ ਕਰ ਦਿੱਤਾ ਗਿਆ ਹੈ।

ਇਸ ਯੋਜਨਾ ਵਿੱਚ ਸਕੂਲ ਦੀ ਪਰਿਕਲਪਨਾ ਇੱਕ ਨਿਰੰਤਰਤਾ ਦੇ ਰੂਪ ਵਿੱਚ ਕੀਤੀ ਗਈ ਹੈ।ਇਸ ਯੋਜਨਾ ਦੇ ਟੀਚਿਆਂ ਵਿੱਚ ਇਹ ਸੁਨਿਸ਼ਚਿਤ ਕਰਨ ਲਈ ਕਿਹਾ ਗਿਆ ਹੈ ਕਿ ਸਾਲ 2030 ਤੱਕ ਦੇਸ਼ ਦੇ ਸਾਰੇ ਲੜਕੇ ਅਤੇ ਲੜਕੀਆਂ ਵੱਲੋਂ ਪ੍ਰਭਾਵਸ਼ਾਲੀ ਵਿੱਦਿਅਕ ਪ੍ਰਾਪਤੀਆਂ ਵੱਲ ਲੈ ਜਾਣ ਵਾਲੀ ਮੁਫਤ, ਨਿਆਂ-ਸੰਗਤ ਅਤੇ ਗੁਣਵੱਤਾਪੂਰਨ ਪ੍ਰਾਇਮਰੀ ਅਤੇ ਮੱਧਮਿਕ ਸਿੱਖਿਆ ਨੂੰ ਪੂਰਾ ਕੀਤਾ ਜਾਵੇ।

### ਯੋਜਨਾ ਦੇ ਉਦੇਸ਼

- ਗੁਣਵੱਤਾਪੂਰਨ ਸਿੱਖਿਆ ਦਾ ਪ੍ਰਬੰਧ
- ਸਕੂਲੀ ਸਿੱਖਿਆ ਵਿੱਚ ਸਮਾਜਕ ਅਤੇ ਜੈਂਡਰ ਸੰਬੰਧੀ ਅੰਤਰ ਘੱਟ ਕਰਨਾ
- ਸਕੂਲੀ ਸਿੱਖਿਆ ਦੇ ਸਾਰੇ ਪੱਧਰਾਂ ਦਾ ਸਮਾਵੇਸ਼ ਕਰਨਾ
- ਸਿੱਖਿਆ ਦੇ ਅਧਿਕਾਰ ਕਾਨੂੰਨ 2009 ਨੂੰ ਲਾਗੂ ਕਰਨ ਵਿੱਚ ਰਾਜਾਂ ਦੀ ਸਹਾਇਤਾ ਕਰਨਾ
- ਸਿੱਖਿਆ ਸਿਖਲਾਈ ਲਈ ਨੋਡਲ ਏਜੰਸੀਆਂ ਦੇ ਰੂਪ ਵਿੱਚ ਐਸ.ਸੀ.ਈ.ਆਰ.ਟੀ./ਡਾਇਟਾਂ ਨੂੰ ਮਜਬੂਤ ਕਰਨਾ

## ਯੋਜਨਾਂ ਦੀਆਂ ਵਿਸ਼ੇਸ਼ਤਾਵਾਂ

- ਮੌਜੂਦਾ ਸਕੂਲਾਂ ਦਾ ਉੱਚ ਅਤੇ ਸੈਕੰਡਰੀ ਪੱਧਰਾਂ ਤੱਕ ਪੱਧਰ ਵਧਾਉਣਾ
- ਸਕੂਲ ਦੀਆਂ ਸਹੂਲਤਾਂ ਦੇ ਵਿਸਥਾਰ ਦੁਆਰਾ ਗੁਣਾਤਮਕ ਸਕੂਲ ਸਿੱਖਿਆ ਤਕ ਦੇ ਖੇਤਰਾਂ ਵਿੱਚ ਸਰਵਵਿਆਪੀ ਪਹੁੰਚ
- ਬੁਨਿਆਦੀ ਸੁਵਿਧਾਵਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਤਾਂ ਕਿ ਸਕੂਲ ਵਿੱਚ ਨਿਰਧਾਰਿਤ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ।
- ਕਿਤਾਬਾਂ ਦੀ ਮਜ਼ਬੂਤੀ ਲਈ ਪ੍ਰਤੀ ਸਕੂਲ ਸਚਹੋਲ 5000 ਤੋਂ 20000 ਰੁਪਏ ਪ੍ਰਤੀ ਸਕੂਲ ਗ੍ਰਾਂਟ
- 25,000 ਦੀ ਸਮੱਗਰ ਸਕੂਲ ਗ੍ਰਾਂਟ - ਸਕੂਲ ਵਿੱਚ ਬੱਚਿਆਂ ਦੇ ਦਾਖਲੇ ਦੇ ਅਧਾਰ ਤੇ 1 ਲੱਖ ਦਿੱਤੇ ਜਾਣੇ ਹਨ, ਜਿਸ ਵਿੱਚੋਂ ਘੱਟੋ ਘੱਟ 10 ਪ੍ਰਤੀਸ਼ਤ ਸਵੱਛਤਾ ਦੇ ਕੰਮਾਂ ਲਈ ਖਰਚ ਕੀਤੇ ਜਾਣੇ ਹਨ।
- ਪ੍ਰਾਇਮਰੀ ਸਕੂਲਾਂ ਲਈ 5000, ਅਪਰ ਪ੍ਰਾਇਮਰੀ ਸਕੂਲਾਂ ਲਈ 10,000 ਅਤੇ ਸੈਕੰਡਰੀ ਅਤੇ ਉੱਚ ਸੈਕੰਡਰੀ ਸਕੂਲਾਂ ਲਈ 25,000 ਤੱਕ ਦੀ ਲਾਗਤ ਦੇ ਖੇਡ ਉਪਕਰਣਾਂ ਲਈ ਸਾਲਾਨਾ ਗ੍ਰਾਂਟ
- ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ ਲਈ 3500/- ਪ੍ਰਤੀ ਵਿਦਿਆਰਥੀ ਪ੍ਰਤੀ ਸਾਲ
- ਵਰਦੀ ਲਈ ਪ੍ਰਤੀ ਸਾਲ ਪ੍ਰਤੀ ਬੱਚਾ 600/-
- ਹਰ ਬੱਚੇ ਲਈ ਪ੍ਰਤੀ ਸਾਲ 250/400 ਰੁ. ਦੀ ਦਰ ਨਾਲ ਪਾਠ-ਪੁਸਤਕਾਂ
- ਅਧਿਆਪਕਾਂ ਦੀ ਗੁਣਵੱਤਾ ਨੂੰ ਵਧਾਉਣ ਲਈ ਐਸ.ਸੀ.ਈ.ਆਰ.ਟੀ./ ਡਾਇਟਾਂ ਜਿਹੀਆਂ ਸਿਖਲਾਈ ਸੰਸਥਾਂਵਾਂ ਨੂੰ ਮਜ਼ਬੂਤ ਕਰਨਾ
- ਸਮਾਰਟ ਜਮਾਤਾਂ, ਡਿਜ਼ੀਟਲ ਬੋਰਡਾਂ ਅਤੇ ਡੀ.ਟੀ.ਐਚ. ਚੈਨਲਾਂ ਰਾਹੀਂ ਸਿੱਖਿਆ ਵਿੱਚ ਡਿਜ਼ੀਟਲ ਤਕਨਲੋਜੀ ਦਾ ਵਿਕਾਸ ਕਰਨਾ
- ਔਖੇ ਇਲਾਕਿਆਂ ਅਤੇ ਔਖੀਆਂ ਪ੍ਰਸਥਿਤੀਆਂ ਵਿੱਚ ਪੜ੍ਹਨ ਵਾਲੇ ਬੱਚਿਆਂ ਨੂੰ ਸਹੂਲਤਾਂ ਦੇਣੀਆਂ

ਇਸ ਯੋਜਨਾ ਦਾ ਮੁੱਖ ਮੰਤਵ ਦੋ "T" ਭਾਵ ਟੀਚਰ ਅਤੇ ਟੈਕਨਾਲੌਜੀ ਉੱਤੇ ਧਿਆਨ ਦੇ ਕੇ ਸਕੂਲੀ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ ਹੈ।

### *ਯੋਜਨਾ ਨੂੰ ਲਾਗੂ ਕਰਨਾ*

ਰਾਜਾਂ ਵਿੱਚ ਇਸ ਯੋਜਨਾ ਨੂੰ ਕੇਂਦਰ ਪਰਯੋਜਤ ਯੋਜਨਾ ਦੇ ਰੂਪ ਵਿੱਚ ਸਟੇਟ ਇੰਪਲੀਮੈਂਨਟੇਸ਼ਨ ਸੋਸਾਇਟੀ ਦੇ ਰਾਹੀਂ ਲਾਗੂ ਕੀਤਾ ਜਾਣਾ ਹੈ। ਇਸ ਯੋਜਨਾ ਲਈ ਰਾਸ਼ੀ ਸਾਂਝੀ ਕਰਨ ਦੀ ਵਰਤਮਾਨ ਵਿਵਸਥਾ ਅਨੁਸਾਰ 8 ਪੂਰਵ-ਉਤਰ ਰਾਜਾਂ ਅਤੇ ਤਿੰਨ ਹਿਮਾਲਾਈ ਰਾਜ (ਜੰਮੂ ਕਸ਼ਮੀਰ, ਹਿਮਾਚਲ ਅਤੇ ਉਤਰਾਖੰਡ) ਲਈ 90:10 ਦੇ ਅਨੁਪਾਤ ਵਿੱਚ ਹੈ, ਜਦਕਿ ਹੋਰ ਰਾਜਾਂ ਲਈ ਇਹ ਅਨੁਪਾਤ 60:40 ਹੈ।

### *ਯੋਜਨਾ ਦੇ ਹਿੱਸੇ*

ਸਮੱਗਰ ਸਿੱਖਿਆ ਨੂੰ ਲਾਗੂ ਕਰਨ ਲਈ ਬਣਾਈ ਗਈ ਰੂਪ-ਰੇਖਾ ਵਿੱਚ ਵੱਖ-ਵੱਖ ਖੋਜ ਕਾਰਜਾਂ ਵਿੱਚ ਕਰਸ਼ਾਈ ਗਈ ਪੂਰਵ-ਸਕੂਲ ਸਿੱਖਿਆ ਦੀ ਜ਼ਰੂਰਤ ਅਤੇ ਮਹੱਤਵ ਨੂੰ ਪਛਾਣਿਆ ਗਿਆ ਹੈ।ਸਮੱਗਰ ਸਿੱਖਿਆ ਤਹਿਤ ਪੂਰਵ-ਸਕੂਲ

ਪ੍ਰੋਗਰਾਮ ਨੂੰ "ਪੜ੍ਹੇ ਭਾਰਤ ਵਧੇ ਭਾਰਤ" ਦੇ ਲਈ ਇੱਕ ਮਹੱਤਵਪੂਰਨ ਹਿੱਸੇ ਵਜੋਂ ਪਛਾਣਿਆ ਗਿਆ ਹੈ। ਪੂਰਵ-ਸਕੂਲ ਪ੍ਰੋਗਰਾਮ 4-6 ਸਾਲ ਦੇ ਉਮਰ ਵਰਗ ਦੇ ਬੱਚਿਆਂ ਲਈ 2 ਸਾਲ ਦਾ ਹੋਵੇਗਾ। ਸਕੂਲ ਨਾਲ ਜੁੜੀਆਂ ਆਂਗਨਵਾੜੀਆਂ ਵਿਚਲੇ ਬੱਚਿਆਂ ਵਿੱਚੋਂ ਇਸ ਉਮਰ ਵਰਗ ਦੇ ਬੱਚਿਆਂ ਨੂੰ ਪੂਰਵ-ਸਕੂਲ ਪ੍ਰੋਗਰਾਮ ਦਾ ਹਿੱਸਾ ਮੰਨਿਆ ਜਾਵੇਗਾ। ਪੂਰਵ-ਪ੍ਰਾਇਮਰੀ ਸਕੂਲਾਂ ਨੂੰ ਮਜਬੂਤ ਕਰਨ ਲਈ ਰਾਜਾਂ ਅਤੇ ਸੰਘੀ ਖੇਤਰਾਂ ਨੂੰ ਪ੍ਰਤੀ ਸਕੂਲ 3 ਲੱਖ ਤੱਕ ਦੀ ਰਾਸ਼ੀ ਪ੍ਰਦਾਨ ਕੀਤੀ ਗਈ ਹੈ।

### *ਵਿਦਿਆਰਥੀਆਂ ਵਿੱਚ ਪੜ੍ਹਨ ਦੀ ਆਦਤ ਪਾਉਣਾ- ਸਮੱਗਰ ਸਿੱਖਿਆ ਤਹਿਤ ਪੁਸਤਕਾਲਾ ਗਰਾਂਟ*

### *(ਪੜ੍ਹੇ ਭਾਰਤ ਵਧੇ ਭਾਰਤ)*

ਪੜ੍ਹੇ ਭਾਰਤ ਵਧੇ ਭਾਰਤ ਦੀਆਂ ਗਤੀਵਿਧੀਆਂ ਦੇ ਇੱਕ ਹਿੱਸੇ ਵਜੋਂ ਸਕੂਲਾਂ ਅੰਦਰ ਪੁਸਤਕਾਲਿਆਂ ਨੂੰ ਮਜ਼ਬੂਤ ਬਣਾਇਆ ਜਾ ਰਿਹਾ ਹੈ। ਪ੍ਰਾਇਮਰੀ ਤੋਂ ਸੀਨੀਅਰ ਸੈਕੰਡਰੀ ਸਕੂਲਾਂ ਤੱਕ 5000 ਤੋਂ ਲੈ ਕੇ 20,000 ਪ੍ਰਤੀ ਸਕੂਲ ਪ੍ਰਤੀ ਸਾਲ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਹੈ।





### *ਸਮੱਗਰ ਸਿੱਖਿਆ ਤਹਿਤ ਖੇਡ ਗਰਾਂਟ (ਖੇਡੇ ਭਾਰਤ ਖਿੜੇ ਭਾਰਤ)*

ਪਹਿਲੀ ਵਾਰ ਸਮੱਗਰ ਸਿੱਖਿਆ ਦੇ ਤਹਿਤ ਬੱਚਿਆਂ ਦੇ ਸਮੱਗਰ ਵਿਕਾਸ ਦਾ ਧਿਆਨ ਰੱਖ ਕੇ ਉਹਨਾਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਦੇ ਮੌਕੇ ਦਿੱਤੇ ਜਾ ਰਹੇ ਹਨ। ਹਰ ਸਰਕਾਰੀ ਸਕੂਲ ਨੂੰ ਖੇਡਾਂ ਲਈ ਰਾਸ਼ੀ ਪ੍ਰਦਾਨ ਕੀਤੀ ਜਾ ਰਹੀ ਹੈ। ਇਹ ਰਾਸ਼ੀ ਪ੍ਰਾਇਮਰੀ ਸਕੂਲਾਂ ਲਈ 5000/-, ਉੱਚ ਪ੍ਰਾਇਮਰੀ ਸਕੂਲਾਂ ਲਈ 10,000/-. ,ਮਾਧਮਿਕ ਅਤੇ ਸੈਕੰਡਰੀ ਸਕੂਲਾਂ ਲਈ 25000/- ਤੱਕ ਅੰਦਰ ਜਾ ਬਾਹਰ ਖੇਡੀਆਂ ਜਾਣ ਵਾਲੀਆਂ ਖੇਡਾਂ ਦੇ ਸਮਾਨ ਖਰੀਦਣ ਲਈ ਦਿੱਤੀ ਜਾ ਰਹੀ ਹੈ।





### *ਮਿਸ਼ਰਿਤ ਸਕੂਲ ਰਾਸ਼ੀ*

ਇਸ ਯੋਜਨਾ ਵਿੱਚ ਸਾਰੇ ਸਰਕਾਰੀ ਸਕੂਲਾਂ ਦੇ ਖਰਾਬ ਹੋ ਗਏ ਉਪਕਰਣਾਂ ਦੀ ਬਦਲੀ ਲਈ ਅਤੇ ਹੋਰ ਖਰਚਿਆਂ ਜਿਵੇਂ ਖੇਡ ਸਮੱਗਰੀ, ਉਪਕਰਨ, ਪ੍ਰਯੋਗਸ਼ਾਲਾਵਾਂ, ਬਿਜਲੀ ਦੇ ਖਰਚੇ, ਇੰਟਰਨੈਟ, ਪਾਣੀ, ਸਿੱਖਣ ਸਹਾਇਕ ਸਮੱਗਰੀ ਆਦਿ ਲਈ 25 ਹਜ਼ਾਰ ਰੁਪਏ ਤੋਂ 1 ਲੱਖ ਤੱਕ ਸਕੂਲ ਦੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਹਰ ਸਾਲ ਦਿੱਤੇ ਜਾਂਦੇ ਹਨ।

### *ਸੰਮਲਿਤ ਸਿੱਖਿਆ ਨੂੰ ਉਤਸਾਹਿਤ ਕਰਨਾ*

ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਲਈ ਸੰਮਲਿਤ ਸਿੱਖਿਆ ਨੂੰ ਸ਼ਾਮਿਲ ਕਰਨਾ (CWSN) ਪਹਿਲਾਂ ਦੀ SSA-RTE ਅਤੇ ਰਮਸਾ (RMSA) ਸਕੀਮਾਂ ਦਾ ਸਭ ਤੋਂ ਵੱਡਾ ਕਦਮ ਰਿਹਾ ਹੈ।ਸਾਲ 2018-19 ਤੋਂ ਸਮੱਗਰਾ ਸਿੱਖਿਆ ਨੇ ਸੀ.






ਡਬਲਊ. ਐਸ. ਐਨ. ਸ਼ਮੇਤ ਸਾਰੇ ਵਿਦਿਆਰਥੀਆਂ ਲਈ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਤੇ ਜੋਰ ਦਿੱਤਾ ਹੈ। ਇਹ ਭਾਗ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ (6-14) ਲਈ ਮੁਫਤ ਅਤੇ ਲਾਜਮੀ ਸਿੱਖਿਆ ਆਰ.ਟੀ.ਈ. ਐਕਟ 2009 ਲਾਗੂ ਕਰਨ ਤੇ ਵੀ ਜੋਰ ਦਿੰਦਾ ਹੈ।

ਇਸ ਸਮੇਂ ਸਮੱਗਰ ਸਿੱਖਿਆ ਦਾ ਉਦੇਸ਼ ਵਿਸ਼ੇਸ਼ ਲੋੜਾਂ ਵਾਲੇ ਸਾਰੇ ਬੱਚਿਆਂ ਨੂੰ ਪਹਿਲੀ ਤੋਂ ਬਾਰਵੀਂ ਜਮਾਤ ਤੱਕ ਕਵਰ ਕਰਨਾ ਹੈ। ਵਿਸ਼ੇਸ਼ ਸਮਰੱਥਾਂ ਵਾਲੇ ਬੱਚਿਆ ਲਈ ਇਹ ਰਾਸ਼ੀ 3000 ਤੋਂ ਵਧਾ ਕੇ 3500 ਪ੍ਰਤੀ ਸਾਲ ਪ੍ਰਤੀ ਬੱਚਾ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਸੀ. ਡਬਲਊ. ਐਸ. ਐਨ. ਵਾਲੇ ਬੱਚਿਆਂ ਦੀਆਂ ਜਰੂਰਤਾਂ ਪੂਰੀਆਂ ਕਰਨ ਲਈ ਵੱਖਰੇ ਸਰੋਤ ਸਹਾਇਤਾ ਵੀ ਉਪਲਬੱਧ ਹੈ।



## ***ਸਵੈ - ਰੱਖਿਆ ਦੀ ਸਿਖਲਾਈ***

ਲਿੰਗ ਅਧਾਰਤ ਹਿੰਸਾ ਸਾਡੇ ਦੇਸ਼ ਵਿੱਚ ਅਲ੍ਹੱੜ ਉਮਰ ਦੀਆਂ ਲੜਕੀਆਂ ਦੇ ਵਿਕਾਸ, ਸਿੱਖਿਆ ਅਤੇ ਸਿਹਤ ਲਈ ਖਤਰਾ ਪੈਦਾ ਕਰਣ ਵਾਲੀ ਗੰਭੀਰ ਸਮੱਗਿਆ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ . ਸੀ. ਆਰ. ਬੀ) ਦੀ ਕ੍ਰਾਈਮ ਇਨ ਇੰਡੀਆ ਦੀ ਰਿਪੋਰਟ ਦੇ ਅਨੁਸਾਰ, ਪਿਛਲੇ ਕੁਝ ਸਾਲਾਂ ਦੌਰਾਨ ਲਿੰਗ ਅਧਾਰਤ ਅਪਰਾਧਾਂ ਵਿੱਚ ਕਾਫੀ ਵਾਧਾ ਹੋਇਆ ਹੈ। ਦੇਸ਼ ਵਿੱਚ ਲੜਕੀਆਂ ਵਿਰੁਧ ਹੋ ਰਹੇ ਜ਼ੁਰਮਾਂ ਦੀ ਵੱਧ ਰਹੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ, ਉਹਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਕੂਲਾਂ ਵਿੱਚ ਉਨ੍ਹਾਂ ਨੂੰ ਸਵੈ ਰੱਖਿਆ ਦੀ ਸਿਖਲਾਈ ਪ੍ਰਦਾਨ ਕਰਨਾ ਮਹੱਤਵਪੂਰਣ ਹੈ। ਸਵੈ-ਰੱਖਿਆ ਸਿਖਲਾਈ ਦੇ ਜ਼ਰੀਏ ਲੜਕੀਆਂ ਨੂੰ ਮਨੋਵਿਗਿਆਨਕ, ਬੌਧਿਕ ਅਤੇ ਸਰੀਰਕ ਤੌਰ ਤੇ ਇੰਨਾ ਮਜ਼ਬੂਤ ਬਣਨਾ ਸਿਖਾਇਆ ਜਾਂਦਾ ਹੈ ਕਿ ਉਹ ਮੁਸੀਬਤ ਦੇ ਸਮੇਂ ਆਪਣੇ ਆਪ ਨੂੰ ਸੁਰੱਖਿਅਤ ਰੱਕ ਸਕਣ। ਸਵੈ-ਰੱਖਿਆ ਸਿਖਲਾਈ ਤਕਨੀਕਾਂ ਲੜਕੀਆਂ ਵਿੱਚ ਸਵੈ- ਵਿਸ਼ਵਾਸ ਪੈਦਾ ਕਰਦੀਆਂ ਹਨ ਅਤੇ ਲੜਕੀਆਂ ਦੀਆਂ ਸਿੱਖਿਆ ਨੂੰ ਉਤਸਾਹਤ ਕਰਣ ਵਿੱਚ ਮਦਦ ਕਰਦੀਆਂ ਹਨ ਅਤੇ ਉਹਨਾਂ ਦੇ ਸਕੂਲ ਛੱਡਣ ਦੀ ਦਰ ਨੂੰ ਘਟਾਉਦੀਆਂ ਹਨ।

ਸਵੈ-ਰੱਖਿਆ ਤਕਨੀਕਾਂ ਦੇ ਜ਼ਰੀਏ, ਲੜਕੀਆਂ ਨੂੰ ਆਪਣੀ ਮੁੱਖ ਤਾਕਤ ਵਧਾਉਣ ਦੀ ਸਿਖਲਾਈ ਦਿੱਤੀ ਜਾਂਦੀ ਹੈ। ਗੰਭੀਰ ਹਾਲਾਤਾਂ ਵਿੱਚ ਆਪਣੇ ਆਪ ਨੂੰ ਬਚਾਉਣ ਲਈ ਮਾਰਸ਼ਲ ਆਰਟ ਦੀ ਲੋੜ ਦੀ ਬਜਾਏ ਕੁਹਣੀ ਨਾਲ ਹਲਕਾ ਰਣਨੀਤਕ ਝਟਕਾ, ਤਿੱਖਾ ਝਟਕਾ, ਲੱਤ ਮਾਰਨਾ ਹਮਲਾਵਰ ਨੂੰ ਰੋਕਣ ਲਈ ਬਹੁਤ ਹਨ।ਕੁੜੀਆਂ ਨੂੰ ਰੋਜ਼ ਦੀਆਂ ਵਸਤੂਆਂ ਜਿਵੇਂ ਚਾਬੀ, ਚੁੰਨੀ, ਸਟੋਲ, ਮਫਲਰ, ਝੋਲੇ, ਪੈਨ, ਪੈਂਸਲ, ਕਾਪਿਆਂ ਆਦਿ ਨੂੰ ਸਵੈ-ਰੱਖਿਆ ਦੇ ਹਥਿਆਰਾਂ ਵਜੋਂ ਵਰਤਣ ਲਈ ਸਿਖਲਾਈ ਦਿੱਤੀ ਜਾਂਦੀ ਹੈ।

ਸਮਗਰਾ ਸਿੱਖਿਆ ਦੇ ਤਹਿਤ ਸਵੈ-ਰੱਖਿਆ ਦੀ ਸਿਖਲਾਈ ਹਰ ਸਰਕਾਰੀ ਸਕੂਲ ਵਿੱਚ ਜਿੱਥੇ ਕੁੜੀਆਂ ਪੜਦੀਆਂ ਹਨ ਦਿੱਤੀ ਜਾਂਦੀ ਹੈ ਅਤੇ ਇਸ ਲਈ 3000 ਰਪਏ ਪ੍ਰਤੀ ਮਹੀਨਾ ਦਿੱਤਾ ਜਾਂਦਾ ਹੈ। ਇਹ ਟ੍ਰੇਨਿੰਗ ਕਸਤੂਰਬਾ ਗਾਂਧੀ ਬਾਲੀਕਾ ਵਿਦਿਆਲਿਆ (KGBVs) ਅਤੇ ਸਰਕਾਰੀ ਸਕੂਲਾਂ ਵਿੱਚ ਪੜ ਰਹੀਆਂ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੀਆਂ ਕੁੜੀਆਂ ਨੂੰ ਦਿੱਤੀ ਜਾਂਦੀ ਹੈ।

ਸਕੂਲ ਸੁਰੱਖਿਆ : ਬੱਚਿਆਂ ਨੂੰ ਅਧਿਕਾਰ ਹੈ ਕਿ ਉਹ ਇੱਜ਼ਤ ਨਾਲ ਰਹਿਣ ਅਤੇ ਅਜਿਹੇ ਵਾਤਾਵਰਣ ਵਿੱਚ ਸਿੱਖਿਆ ਲੈਣ ਜੋ ਕਿ ਸੁਰੱਖਿਅਤ ਅਤੇ ਵਿਕਾਸ ਦੇ ਅਨੁਕੂਲ ਹੋਵੇ। ੱਸਕੂਲ ਸੁਰੱਖਿਆ ਅਤੇ ਸੁਰੱਖਿਆ ਨੂੰ ਵਿਆਪਕ ਦ੍ਰਿਸ਼ਟੀਕੋਣ ਤੌਂ ਵੇਖਣਾ ਚਾਹੀਦਾ ਹੇ। ਇਹ ਕੇਵਲ ਬੁਨਿਆਦੀ ਸਰੀਰਕ ਸੁਰੱਖਿਆ ਤੱਕ ਹੀ ਸੀਮਿਤ ਨਹੀਂ ਹੋਣਾ ਚਾਹੀਦਾ। ਸਕੂਲ ਸੁਰੱਖਿਆ ਦਾ ਮੁੱਦਾ ਹੋਰ ਗੁੰਝਲਦਾਰ ਬਣ ਚੁੱਕਾ ਹੈ, ਜਿਸ ਵਿੱਚ ਸਰੀਰਕ ਹਿੰਸਾ, ਜਿਨਸੀ, ਮਨੋਵਿਗਿਆਨਕ ਅਤੇ ਭਾਵਨਾਤਮਕ ਹਿੰਸਾ ਅਤੇ ਅਤਿਅੰਤ ਮਾਮਲਿਆਂ ਵਿੱਚ ਮੌਤ ਵੀ ਸ਼ਾਮਲ ਹੈ। ਕੁੱਝ ਸਮੇਂ ਤੌਂ ਕਤਲੇਆਮ, ਹਮਲੇ ਅਤੇ

ਜਬਰ ਜਨਾਹ ਸਮੇਤ ਸਕੂਲ ਵਿੱਚ ਹਿੰਸਾ ਅਤੇ ਦੁਖਦਾਈ ਘਟਨਾਵਾਂ ਦੀਆਂ ਖਬਰਾਂ ਬਹੁਤ ਵੱਧ ਰਹੀਆਂ ਹਨ। ਬੱਚਿਆਂ ਦੀ ਪਹੁੰਚ ਇੰਟਰਨੈਟ ਕਾਰਣ ਅਜਿਹੇ ਵੀਡਿਓਜ਼ ਤੱਕ ਵੀ ਹੈ ਜਿੰਨ੍ਹਾਂ ਵਿੱਚ ਹਿੰਸਾ, ਜੁਰਮ, ਅਸ਼ਲੀਲਤਾ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦਰਸ਼ਾਈ ਜਾਂਦੀ ਹੈ।ਨਸ਼ਿਆਂ, ਸ਼ਰਾਬ ਅਤੇ ਸਿਗਰਟ ਦੀ ਅਸਾਨ ਉਪਲਬਧਤਾ ਵਿੱਚ ਵੀ ਵਾਧਾ ਹੋਇਆ ਹੈ। ਇਸ ਦੇ ਨਾਲ-ਨਾਲ ਬੱਚਿਆਂ ਨੂੰ ਪੇਪਰਾਂ ਦਾ ਦਬਾਅ, ਮਾਪਿਆਂ, ਅਧਿਆਪਕਾਂ ਅਤੇ ਸਾਥਿਆਂ ਦੇ ਜਬਰਦਸਤ ਦਬਾਅ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਸਭ ਉਹਨਾਂ ਵਿੱਚ ਨਿਰਾਸ਼ਾ, ਤਣਾਅ ਅਤੇ ਉਦਾਸੀ ਦਾ ਕਾਰਣ ਬਣਦੇ ਹਨ ਅਤੇ ਕੁਝ ਮਾਮਲਿਆਂ ਵਿੱਚ ਖੁਦਖੁਸ਼ੀ ਦਾ ਵੀ। ਇਸ ਲਈ ਸਕੂਲ ਮੈਨੇਜਮੈਂਟ ਕਮੇਟੀ, ਅਧਿਆਪਕ, ਵਿਦਿਆਰਥੀ, ਮਾਪੇ ਅਤੇ ਸਲਾਹਕਾਰਾਂ ਨਾਲ ਮਿਲ ਕੇ ਜਵਾਬਦੇਹੀ ਵਾਲੀ ਇੱਕ ਵਿਆਪਕ ਗਾਈਡ ਲਾਈਨ ਵਿਕਸਤ ਕੀਤੀ ਜਾ ਰਹੀ ਹੈ।

## ਜਾਗੋ ਬਦਲੋ ਬੋਲੋ

ਤੇਲੰਗਾਨਾ ਦੇ ਸਿੱਖਿਆ ਵਿਭਾਗ ਨੇ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਪੋਸਕੋ ਐਕਟ ਅਧੀਨ ਬੱਚਿਆਂ ਦੇ ਜਿਨਸੀ ਸ਼ੋਸ਼ਣ ਵਿਰੁੱਧ ਜਾਗੋ ਬਦਲੋ ਅਤੇ ਬੋਲੋ ਦੀ ਇੱਕ ਸਾਲ ਮੁਹਿੰਮ ਚਲਾਈ। ਇਸ ਤਹਿਤ ਮੁੱਖਅਧਿਆਪਕ ਅਤੇ ਅਧਿਆਪਕਾਂ ਦੀ ਸਿਖਲਾਈ ਕਰਵਾਈ ਗਈ।

ਉਂਦਾਂ ਤਾਂ ਇੱਕ ਆਦਰਸ਼ ਸਥਿਤੀ ਵਿੱਚ, ਹਰ ਸਕੂਲ ਵਿੱਚ ਇੱਕ ਸਲਾਹਕਾਰ ਮੁਹੱਈਆ ਕਰਵਾਇਆ ਜਾਣਾ ਚਾਹੀਦਾ ਹੈ ਪਰ ਸਿਖਲਾਈ ਲਈ ਸਲਾਹਕਾਰਾਂ ਦੀ ਘਾਟ ਹੋਣ ਕਾਰਣ ਅਧਿਆਪਕਾਂ ਨੂੰ ਪਹਿਲੇ ਪੜਾਅ ਦਾ ਸਲਾਹਕਾਰ ਬਣਲ ਲਈ ਸੰਵੇਦਨਸ਼ੀਲ ਬਣਾਇਆ ਜਾ ਸਕਦਾ ਹੈ।ਇਸ ਏਕੀਕ੍ਰਿਤ ਅਧਿਆਪਕ ਸਿਖਲਾਈ ਪ੍ਰੋਗਰਾਮ ਤਹਿਤ ਅਧਿਆਪਕਾਂ ਨੂੰ ਕਾਉਂਸਲਿੰਗ, POSCO ਐਕਟ, ਜੇ.ਜੇ. ਐਕਟ, ਸਕੂਲ ਸੇਫਟੀ ਦਿਸ਼ਾ ਨਿਰਦੇਸ਼ਾਂ, ਹੈਲਪਲਾਈਨ ਅਤੇ ਐਮਰਜੈਂਸੀ ਨੰਬਰਾਂ, ਸ਼ਿਕਾਇਤਾਂ ਅਤੇ ਡਰਾਪ-ਬਾਕਸ ਆਦਿ ਦੇ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਇਸ ਮੰਤਵ ਲਈ ਪਹਿਲੀ ਤੋਂ ਬਾਹਰਵੀਂ ਜਮਾਤ ਦੇ ਸਾਰੇ ਸਕੂਲਾਂ ਨੂੰ ਪ੍ਰਤੀ ਅਧਿਆਪਕ 1000 ਪ੍ਰਦਾਨ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ ਹਰ ਸਕੂਲ ਵਿੱਚ ਇੱਕ ਡਿਸਪਲੇ ਬੋਰਡ ਲਾਉਣਾ ਜਰੂਰੀ ਹੈ ਜਿਸ ਉੱਤੇ ਹੈਲਪਲਾਈਨ/ਐਮਰਜੈਂਸੀ ਨੰਬਰ ਲਿਖੇ ਹੋਣ। ਇਸ ਲਈ ਪ੍ਰਤੀ ਸਕੂਲ 500 ਪ੍ਰਦਾਨ ਕੀਤੇ ਗਏ ਹਨ।

## ਰੰਗੋਤਸਵ:

ਇਹ ਮਨੁੱਖੀ ਸੰਸਾਧਨ ਵਿਕਾਸ ਮੰਤਰਾਲੇ ਦੀ ਇੱਕ ਪਹਿਲ ਹੈ ਜੋ ਦੇਸ਼ ਦੇ ਨੌਜਵਾਨ ਸਿਖਿਆਰਥੀਆਂ ਨੂੰ ਆਪਣੇ ਤੌਰ ਤੇ ਸਭਿਆਚਾਰਕ ਵਿਭਿੰਨਤਾ ਪ੍ਰਤੀ ਜਾਗਰੂਕਤਾ ਪੈਦਾ ਕਰਣ ਲਈ ਬਣਾਈ ਗਈ ਹੈ।ਰੰਗੋਤਸਵ ਸਭਿਆਰਕ ਪੰਦਰਵਾੜਾ 7 ਤੋਂ 21 ਦਸੰਬਰ 2018 ਤੱਕ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰ ਸਾਰੇ ਹਿੱਸੇਦਾਰਾਂ ਨੂੰ ਤੇ ਉਹਨ੍ਹਾਂ ਦੀ ਭਾਗੀਦਾਰੀ ਨੂੰ ਉਤਸਾਹਤ ਕਰਨ ਲਈ ਗੈਰ-ਫੈਸਲਾਕੁੰਨ ਪਲੇਟਫਾਰਮ ਆਯੋਜਿਤ ਕੀਤਾ ਗਿਆ। ਰੰਗੋਤਸਵ ਦੇ ਮੁੱਖ ਉਦੇਸ਼ ਸਨ:

- ਸਕੂਲ ਦੇ ਮਾਹੋਲ (ਵਾਤਾਵਰਣ) ਨੂੰ (ਕਲਾ ਅਤੇ ਸੱਭਿਆਚਾਰਕ ਦੀਆਂ ਵੱਖ-ਵੱਖ ਗਤੀਵਿਧੀਆਂ ਦੁਆਰਾ) ਸਿੱਖਣ ਦਾ ਜੀਵੰਤ ਅਤੇ ਆਨੰਦ ਵਾਲੇ ਮਾਹੋਲ ਵਿੱਚ ਬਦਲੋ ਅਤੇ ਸਕੂਲ ਕਮਿਊਨਟੀ ਦੇ ਹਰੇਕ ਮੈਂਬਰ (ਉਤੇਜ਼ਿਤ) ਜਿਸ ਵਿੱਚ ਬੱਚੇ,ਅਧਿਆਪਕ ਅਤੇ ਹੋਰ ਸਟਾਫ ਮੈਂਬਰਾ ਦੇ ਕਲਾਤਮਿਕ ਹੁਨਰ ਅਤੇ ਰਚਨਾਤਮਕਤਾ ਲਈ ਅਨੁਕੂਲ ਅਤਾਲਾ (ਪਲੇਟਫਾਰਮ) ਮੁਹੱਈਆ ਕਰਵਾਉਣਾ।
- ਸਾਰੇ ਬੱਚਿਆਂ ਨੂੰ ਭਾਰਤ ਦੀ ਵਿਭਿੰਨਤਾ ਵਾਲਾ ਅਮੀਰ ਸੱਭਿਆਚਾਰਕ ਵਿਰਸਾ ਦਿਖਾਉਣਾ ਅਤੇ ਉਸਤਦ ਕਰਨੀ ਤਾਂ ਜ਼ੋ ਉਹ ਦੇਸ਼ ਦੇ ਸੱਭਿਆਚਾਰਕ,ਭੂਗੋਲ, ਭਾਸ਼ਾਵਾਂ, ਭੋਜਨ ਅਤੇ ਰਿਵਾਜ਼ਾਂ ਨੂੰ ਸਮਝਣ ਦੇ ਯੋਗ ਹੋਣ।
- ਇੱਕ ਭਾਰਤ ਸ੍ਰੇਸ਼ਟ ਭਾਰਤ ਦੇ ਟੀਚੇ ਹਾਸਿਲ ਕਰਨ ਲਈ ਚੰਗੀ ਯੋਜਨਾ ਬੱਧ ਗਤੀਵਿਧੀਆਂ ਰਾਹੀਂ ਰਾਸ਼ਟਰੀ ਏਕੀਕਰਨ ਦੀ ਭਾਵਨਾ ਨੂੰ ਵਧਾਉਣਾ।

- ਸਕੂਲਾਂ ਵਿੱਚ ਸਿਖਲਾਈ ਦੇ ਅਨੰਦਮਈ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਲਈ ਸ਼ੈਸਣ ਦੌਰਾਨ ਦਿਨ-ਪ੍ਰਤੀ ਸਕੂਲ ਦੀ ਰੁਟੀਨ ਵਿੱਚ ਕਲਾ ਨੂੰ ਏਕੀਕ੍ਰਿਤ ਕਰਨ ਦੀ ਨਿਯਮਤ ਅਭਿਆਸ।
- ਰੰਗੋਤਸਣ ਦਾ ਹੁੰਗਾਰਾ ਭਰਪੂਰ ਅਤੇ ਸਵਾਗਤ ਯੋਗ ਸੀ।ਦੇਸ ਭਰ ਦੇ ਸਕੂਲਾਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਸਭਿਆਚਾਰਕ ਦਰਵਾਜ਼ੇ ਖੋਲਣ ਲਈ ਉਪਰਾਲੇ ਕੀਤੇ, ਜਿਸਦੇ ਨਤੀਜੇ ਵਜੋਂ ਦੇਸ਼ ਭਰ ਵਿੱਚ ਕਲਾਤਮਕ ਪ੍ਰਤਿਭਾ ਦਾ ਜਸ਼ਨ ਮਨਾਇਆ ਗਿਆ।
- ਸਕੂਲ ਪੱਧਰ ਤੇ ਭਾਸ਼ਾ ਸੰਗਮ ਅਤੇ ਹੋਰ ਗਤੀਵਿਧੀਆਂ ਤੋਂ ਇਲਾਵਾਂ,ਰੰਗੋਤਸਣ ਦੇ ਹਿੱਸੇ ਵਜੋਂ ਖੇਤਰੀ, ਰਾਜ,ਜ਼ੋਨਲ ਅਤੇ ਰਾਸ਼ਟਰੀ ਪੱਧਰੀ ਸਮਾਗਮ ਕਰਵਾਏ ਗਏ, ਜਿਵੇਂ ਕਿ ਰਾਸ਼ਟਰੀ ਬਾਲ ਅਸੈਂਬਲੀ ਅਤੇ ਏਕੀਕਰਨ ਕੈਂਪ, ਰਾਸ਼ਟਰੀ ਪੱਧਰੀ ਲੋਕ ਨਾਚ, ਰਾਸ਼ਟਰੀ ਪੱਧਰ ਦੀ ਭੂਮਿਕਾ ਕਲਾ, ਕਲਾ ਉਤਸਵ, ਸੰਗੀਤ ਕਲਾ ਸੰਗਮ ਅਤੇ ਅੰਤਰ ਸਕੂਲ ਬੈਂਡ ਮੁਕਾਬਲਾ।

## ਸਕੂਲ ਆਧਾਰਿਤ ਮੁਲਾਂਕਣ (ਸਲਾਨਾ ਪ੍ਰਾਪਤੀ ਸਰਵੇਖਣ)

ਸੱਖਣ ਦੇ ਨਤੀਜ਼ਿਆਂ ਦਾ ਨਿਰਪੱਖ ਮੁਲਾਂਕਣ ਕਰਨ ਲਈ, ਇਸ ਵਿਭਾਗ ਨੇ ਪਹਿਲਾਂ ਹੀ ਰਾਸ਼ਟਰੀ ਪ੍ਰਾਪਤੀ ਸਰਵੇਖਣ ਕਰਵਾਉਣ ਦੀ ਪ੍ਰਕਿਰਿਆ ਪਹਿਲਾਂ ਹੀ ਆਰੰਭ ਕਰ ਦਿੱਤੀ ਹੈ, ਜ਼ੋ ਕਿ ਇੱਕ ਨਿਯਮਤ ਅੰਤਰਾਲਾ ਤੇ ਬਾਹਰੀ ਮੁਲਾਕਣ ਹੈ।ਇਸ ਪ੍ਰਕਿਰਿਆ ਨੂੰ ਸਾਰੇ ਹਿੱਸੇਦਾਰਾ ਨਾਲ ਵਿਸਤ੍ਰਿਤ ਅਤੇ ਮਹੱਤਵਪੂਰਨ ਗੱਲਬਾਤ ਤੋਂ ਬਾਅਦ ਵਿਕਸਤ ਕੀਤਾ ਗਿਆ ਹੈ। 2017-18 ਵਿੱਚ ਹੋਏ NSA (ਐਨ.ਏ.ਐਸ) ਦੇ ਨਤੀਜੇ ਜਨਤਕ ਖੇਤਰ ਵਿੱਚ ਪਹਿਲਾਂ ਹੀ ਉਪਲੱਬਧ ਹਨ।

ਇਸ ਤੋਂ ਇਲਾਵਾ, 2017 ਵਿੱਚ ਕਰਵਾਏ ਗਏ ਐਨ.ਏ.ਐਸ ਦੌਰਾਨ 22 ਮਿਲੀਅਨ ਵਿਦਿਆਰਥੀਆਂ ਦੇ ਸਰਵੇਖਣ ਅਤੇ ਇਸ ਤੋਂ ਬਾਅਦ ਐਨ.ਸੀ.ਈ.ਆਰ.ਟੀ ਦੁਆਰਾ ਸਿਖਲਾਈ ਨਤੀਜਿਆਂ ਵਿੱਚ ਸੁਧਾਰ ਕਰਨ ਲਈ ਇੱਕ ਢਾਂਚਾ ਬਣਾਉਣ ਲਈ ਇੱਕ ਪਾਇਲਟ ਇੱਕ ਸਰਵੇਖਣ ਵਿੱਚ ਲਏ ਗਈ ਸਬੂਤ ਦੇ ਅਧਾਰ ਤੇ ਇਸ ਲਈ ਸਾਲ 2019 ਵਿੱਚ ਸਕੂਲ ਅਧਾਰਤ ਮੁਲਾਕਣ ਕਰਨ ਦਾ ਫੈਸਲਾ ਕੀਤਾ ਗਿਆ ਹੈ ਜ਼ੋ ਸਬੰਧਤ ਸਕੂਲ ਦੁਆਰਾ ਵਿਦਿਆਰਥੀਆਂ ਦੀ ਗੁਣਤਾਮਕ ਅਤੇ ਗੈਰ-ਦਬਕਾਉਣ ਵਾਲੀ ਮੁਲਾਕਣ ਪ੍ਰਕਿਰਿਆ ਹੋਵੇਗੀ।

**ਪ੍ਰਾਇਮਰੀ ਪੱਧਰ ਤੇ ਸਾਰੇ ਬੱਚਿਆਂ ਦੇ ਸਿੱਖਣ ਦੇ ਨਤੀਜਿਆਂ ਦਾ ਮੁਲਾਕਣ ਕਰਨ ਸਬੰਧੀ।**

ਬਾਹਰੀ ਮੁਲਾਂਕਣ ਦੇ ਨਾਲ ਮੇਲ ਖਾਂਦੀ ਇਹ ਗਿਣਾਤਮਕ ਅਤੇ ਗੁਣਾਤਮਕ ਮੁਲਾਂਕਣ ਤਕਨੀਕਾਂ ਇਹ ਨਿਸ਼ਚਤ ਕਰਨ ਲਈ ਮੱਹਤਵਪੂਰਨ ਹਨ ਕਿ ਲੋੜੀਂਦੇ ਸਿੱਖਣ ਦੇ ਨਤੀਜੇ ਪ੍ਰਾਪਤ ਹੋ ਗਏ ਹਨ।ਇਸ ਲਈ ਇਹ ਦੋਵੇਂ ਮੁਲਾਂਕਣ ਜ਼ਰੂਰੀ ਹਨ ਅਤੇ ਇੱਕ ਤਰਕਸ਼ੀਲ ਨਿਰੰਤਰਤਾ ਬਣਾਉਦੇ ਹਨ।

## ਯੁਵਕ ਕਲੱਬ ਅਤੇ ਇੱਕੋ ਕਲੱਬ ਦੀ ਬਣਾਵਟ

ਸਕੂਲਾਂ ਵਿੱਚ ਯੁਵਕ ਕਲੱਬ ਜੀਵਨ ਦੇ ਹੁਨਰ ਨੂੰ ਵਿਕਸਤ ਕਰਨ ਦਾ ਇੱਕ ਸਾਧਨ ਹਨ, ਸਵੈਮਾਣ ਪੈਦਾ ਕਰਦੇ ਹਨ,ਸਵੈਵਿਸਵਾਸ਼ ਅਤੇ ਲਚੀਕਾਪਨ ਅਤੇ ਤਣਾਅ , ਸ਼ਰਮ ਅਤੇ ਡਰ ਦੀਆਂ ਨਿਰਾਤਮਕ ਭਾਵਨਾ ਦਾ ਮੁਕਾਬਲੇ ਕਰਦੇ ਹਨ।

ਸਕੂਲ ਵਿੱਚ ਇੱਕੋ ਕਲੱਬ ਵਿਦਿਆਰਥੀਆਂ ਨੂੰ ਵਾਤਾਵਰਣਨ ਦੀਆਂ ਗਤੀਵਿਧੀਆਂ ਅਤੇ ਮਹੱਤਵਪੂਰਨ ਪ੍ਰਕਿਰਿਆਵਾਂ ਵਿੱਚ ਹਿੱਸਾ ਲੈਣ ਲਈ ਯੋਗ ਬਣਾਉਣਗੇ।ਇਹ ਉਹ ਮੰਚ ਹੈ ਜਿਸ ਰਾਹੀਂ ਵਿਦਿਆਰਥੀ ਵਾਤਾਵਰਣਨ ਪ੍ਰਤੀ ਸਹੀ ਵਿਵਹਾਰ ਨੂੰ ਉਤਸ਼ਾਹਿਤ ਕਰਨ ਅਤੇ ਆਪਣੇ ਮਾਪਿਆਂ ,ਆਢ-ਗੁਆਂਢ ਦੇ ਭਾਈਚਾਰਿਆਂ ਨੂੰ ਪ੍ਰਭਾਵਿਤ ਕਰ

ਸਕਦੇ ਹਨ, ਇਹ ਵਿਦਿਆਰਥੀਆਂ ਨੂੰ ਸਿਲੇਬਸ ਅਤੇ ਪਾਠ ਕ੍ਰਮ ਦੀਆਂ ਸੀਮਾਵਾਂ ਤੋਂ ਬਾਹਰ ਵਾਤਵਾਰਣਨ ਦੀਆਂ ਧਾਰਨਾਵਾਂ ਦੀ ਪ੍ਰੜਲੋਚ ਕਰਨ ਦੇ ਯੋਗ ਬਣਾਵੇਗਾ।

ਉਪਰੋਕਤ ਦੇ ਮੱਧੇ ਨਜਰ ਸਾਰੇ ਸਕੂਲ ਵਿਦਿਆਰਥੀਆਂ ਲਈ ਯੁਵਾ ਅਤੇ ਇੱਕੋ ਕਲੱਬਾਂ ਦਾ ਗਠਨ ਕਰਨਗੇ। ਜਿੱਥੇ ਉਹ ਗਤੀਵਿਧੀਆਂ ਵਿੱਚ ਹਿੱਸਾ ਲੈ ਸਕਦੇ ਹਨ ਜਿਵੇਂ ਕਿ ਸਕੂਲ ਦੇ ਸਮੇ ਤੋਂ ਬਾਅਦ ਅਤੇ ਦੌਰਾਨ ਬਹਿਬ, ਸੰਗੀਤ, ਆਰਟ, ਖੇਡਾਂ ,ਪੜ੍ਹਨਾਂ ਅਤੇ ਸਰੀਰਕ ਗਤੀਵਿਧੀਆਂ। ਇਸ ਨਾਲ ਸਕੂਲ ਦੇ ਬੁਨਿਆਦੀ ਢਾਂਚੇ ਜਿਵੇਂ ਖੇਡ ਦੇ ਮੈਦਾਨ ਖੇਡਣ ਦੇ ਸਮਾਨ ਅਤੇ ਲਾਇਬ੍ਰੇਰੀਆਂ ਦਾ ਵਧੀਆਂ ਉਪਯੋਗਸਿੱਖਿਆ ਪ੍ਰਣਾਲੀਆ ਵਿੱਚੋਂ ਇੱਕ ਦੀ ਦੇਖਭਾਲ ਕਰਦਾ ਹੈ।ਐਮ.ਐਫ ਆਰ ਡੀ. ਆਪਣੀਆ ਸੰਸਥਾਵਾਂ ਜਿਵੇਂ ਕਿ ਰਾਸ਼ਟਰੀ ਵਿਦਿਅਕ ਖੋਜ਼ ਅਤੇ ਸਿਖਲਾਈ ਕੌਸ਼ਲ, ਨੈਸ਼ਨਲ ਰਾਸ਼ਟਰੀ ਵਿਦਿਅਕ ਯੋਜਨਾਬੰਦੀ ਅਤੇ ਪ੍ਰਸ਼ਾਸਨ ,ਓਪਨ ਸਕੂਲਿੰਗ ਦੀ ਰਾਸ਼ਟਰੀ ਸੰਸਥਾ, ਅਧਿਆਪਕ ਦੀ ਸਿੱਖਿਆ ਲਈ ਰਾਸ਼ਟਰੀ ਕੌਸ਼ਲ ਆਦਿ ਦੇ ਸਹਿਯੋਗ ਨਾਲ ਕੰਮ ਕਰ ਰਹੀ ਹੈ।ਹਾਲਾਂਕਿ ਐਮ.ਐਚ.ਆਰ. .ਡੀ ਦਾ ਦਾਇਰਾ ਬਹੁਤ ਵਿਸ਼ਾਲ ਹੈ,ਇਹ ਮਡਿਊਲ ਸਕੂਲ ਸਿੱਖਿਆ ਅਤੇ ਸਾਖਰਤਾ(SE/L) ਵਿਭਾਗ ਦੁਆਰਾ ਸਰਵ ਵਿਆਪਕ ਸਿੱਖਿਆ ਅਤੇ ਇਸ ਦੀ ਮਾਤਰਾ ਨੂੰ ਬਿਹਤਰ ਬਣਾਉਣ ਵੱਲ ਲਿਆ ਗਿਆ ਸਿਰਫ ਹਾਲ ਹੀ ਦੇ ਉਪਰਾਲਿਆਂ ਤੇ ਕੇਂਦ੍ਰਿਤ ਹੈ।

## ਸਿੱਖਣ ਦੇ ਉਦੇਸ਼

ਇਸ ਮੋਡਿਊਲ ਦੇ ਰਾਹੀਂ ਸਿੱਖਿਆਰਥੀ ਸਿੱਖਿਣ ਯੋਗ ਹੋ ਜਾਵੇਗਾ:-

- ਸਕੂਲ ਸਿੱਖਿਆ ਲਈ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਦੀਆਂ ਹਾਲ ਦੀਆਂ ਪਹਿਲਕਦਮੀਆ ਬਾਰੇ ਜਾਗਰੂਕਤਾ ਪ੍ਰਾਪਤ ਕਰੋ ਜਿਵੇਂ ਸਕੂਲ ਵਿੱਚ ਲਾਗੂ ਕਰਨ ਲਈ ਪੀ.ਜੀ.ਆਈ., ਯੂ ਡਾਈਸ ਆਦਿ
- ਸਕੂਲ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣ ਲਈ ਸਮੱਗਰਾ ਸਿੱਖਿਆ ਦੇ ਉਦੇਸ਼ਾ ਅਤੇ ਪ੍ਰਬੰਧਾ ਨੂੰ ਸਮਝਣਾ।
- ਸਕੂਲ ਵਿੱਚ ਲਾਇਬ੍ਰੇਰੀ ਦੀਆਂ ਕਿਤਾਬਾਂ ਦੀ ਵਰਤੋਂ ਨਾਲ ਪੜਨ ਦੀਆਂ ਆਦਤਾਂ ਨੂੰ ਉਤਸਾਹਿਤ ਕਰਨ ਦੇ ਸੰਬੰਧ ਵਿੱਚ ਪਹਿਲ ਕਰੋ ਅਤੇ ਬੱਚਿਆਂ ਨੂੰ ਤਜਰਬੇ ਦੇ ਸਿਖਲਾਈ ਦੇ ਮੌਕਿਆਂ ਅਤੇ ਆਨੰਦਾਇਕ ਸਿਖਲਾਈ ਪ੍ਰਦਾਨ ਕਰਨ ਲਈ ਖੇਡਾਂ ,ਰੋਸਹੀ ਬਾਗ,ਯੂਥ ਅਤੇ ਈਕੋ ਕਲੱਬਾਂ ਆਦਿ ਨਾਲ ਜੜੀਆਂ ਗਤੀਵਿਧੀਆਂ ਨੂੰ ਵਧਾਉਣ ਦੇ ਸਬੰਧ ਵਿੱਚ ਪਹਿਲ ਕਦਮੀਆਂ ਕਰੋ।

## ਮੁਫਤ ਵਰਦੀਆਂ ਅਤੇ ਪਾਠ-ਪੁਸਤਕਾਂ:-

ਸਰਕਾਰੀ ਸਕੂਲਾਂ ਵਿੱਚ ਅੱਠਵੀਂ ਜਮਾਤ ਤੱਕ ਦੇ ਸਮੂਹ ਲੜਕੀਆਂ ਅਤੇ ਐਸ.ਸੀ/ ਐਸ.ਟੀ/ ਬੀ.ਪੀ.ਐਲ/ ਅਨੁਸੂਚਿਤ ਜਾਤੀ/ ਅਨੁਸੂਚਿਤ ਕਬੀਲਾ/ ਗਰੀਬੀ ਰੇਖਾ ਤੋਂ ਨਿੱਚੇ ਦੇ ਪਰਿਵਾਰਾਂ ਨਾਲ ਸਬੰਧਤ ਬੱਚਿਆਂ ਲਈ ਵਰਦੀਆਂ ਦੇ ਦੋ ਸੈਟਾਂ ਲਈ ਅਲਾਟਮੈਂਟ ਸਮੱਗਰਾ ਸਿੱਖਿਆ ਅਧੀਨ ਸਲਾਨਾ ਪ੍ਰਤੀ ਬੱਚਾ 400 ਤੋਂ 600 ਪ੍ਰਤੀ ਸਾਲ ਵਧਾਏ ਗਏ ਹਨ।ਸਕੂਲ ਦੀਆਂ ਵਰਦੀਆਂ ਦਾ ਉਦੇਸ਼ ਇਸ ਦੀਆਂ ਸੇਵਾਵਾਂ ਦੀ ਵਰਤੋਂ ਕਰਦਿਆਂ ਬੱਚਿਆਂ ਲਈ ਸਕੂਲ ਲਈ ਸਬੰਧ ਅਤੇ ਮਲਕੀਅਤ ਦੀ ਭਾਵਨਾ ਨੂੰ ਪ੍ਰੇਰਿਤ ਕਰਨਾ ਹੈ।

ਪਾਠ ਪੁਸਤਕਾਂ ਦੀ ਵਰਤੋਂ, ਸਕੂਲਾਂ ਵਿੱਚ ਦਿੱਤੀ ਜਾ ਰਾਹੀ ਮਿਆਰੀ ਸਿੱਖਿਆ ਦਾ ਇੱਕ ਪ੍ਰਮੁੱਖ ਸੂਚਕ ਹੈ।ਇਸ ਲਈ ਪਾਠ ਪੁਸਤਕ ਉਤਪਾਦਨ, ਸੁਧਾਰ, ਅਤੇ ਡਿਜ਼ਾਈਨ ਸਮੇਤ,ਟੈਕਸਟ ਅਤੇ ਕਵਰ ਪੇਪਰ ਦਾ ਅਕਾਰ ਅਤੇ ਵਿਸ਼ੇਸਤਾਵਾਂ ,ਸਿਆਹੀ ਪ੍ਰਿੰਟਿਗ ਅਤੇ ਬਾਬਡਿੰਗ ਆਦਿ ਦੇ ਮੱਹਤਵਪੂਰਨ ਪ੍ਰਭਾਵ ਹਨ।ਸਰਕਾਰੀ/

ਸਥਾਨਕ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਜਿਸ ਵਿੱਚ ਮਦਰਸੇ ਵੀ ਸ਼ਾਮਿਲ ਹਨ ਵਿੱਚ ਰਾਜ ਦੇ ਪਾਠਕ੍ਰਮ ਦੀ ਸ਼ੁਰੂਆਤ ਕਰਨ ਦੇ ਚਾਹਵਾਨ ਸਾਰੇ ਬੱਚਿਆਂ ਨੂੰ ਪਾਠ-ਪੁਸਤਕਾ ਲਈ ਅਲਾਟਮੈਂਟ 150 ਰੁਪਏ ਤੋਂ ਵਧਾ ਕੇ 250 ਰੁਪਏ ਪ੍ਰਤੀ ਬੱਚਾ,ਪ੍ਰਤੀ ਸਾਲ ਪ੍ਰਾਇਮਰੀ ਪੱਧਰ ਤੇ ਅੱਪਰ ਪ੍ਰਾਇਮਰੀ ਪੱਧਰ ਤੇ 250 ਰੁਪਏ ਤੋਂ ਵਧਾ ਕੇ 400 ਰੁਪਏ ਪ੍ਰਤੀ ਬੱਚਾ ਪ੍ਰਤੀ ਸਾਲ ਅੱਪਰ ਪ੍ਰਾਇਮਰੀ ਪੱਧਰ ਤੇ ਕਰ ਦਿੱਤੀ ਗਈ ਹੈ, ਬ੍ਰਿਜਿੰਗ ਸਮੱਗਰੀ ਵਾਲੀਆਂ ਆਦਿ ਵਾਸੀ ਭਾਸ਼ਾਵਾਂ ਲਈ ਤਿਆਰ ਕੀਤੀ ਗਈ ਪ੍ਰਾਈਮਰ/ ਪਾਠ ਪੁਸਤਕਾਂ ਸਿੱਖਿਆ ਦੀ ਰਾਜ ਭਾਸ਼ਾਂ ਅਤੇ ਅੰਗਰੇਜ਼ੀ ਵਿੱਚ ਤਬਦੀਲੀ ਦੀ ਸਹੂਲਤ ਜਮਾਤ ਪਹਿਲੀ ਅਤੇ ਦੂਜੀ ਲਈ 200 ਰੁਪਏ ਪ੍ਰਤੀ ਬੱਚਾ ਪਾਠ-ਪੁਸਤਕਾਂ ਲਈ ਯੋਗ ਹੋਵੇਗੀ।

**<u>ਸੀ ਆਰ ਸੀ ਨੂੰ ਮਜ਼ਬੂਤ ਕਰਨਾ-ਸੀ.ਆਰ ਸੀ ਨੂੰ ਗਤੀਸ਼ੀਲ ਸਹਾਇਤਾ:-</u>**

ਸਕੂਲਾਂ ਅਤੇ ਅਧਿਆਪਕਾਂ ਨੂੰ ਸਿਖਲਾਈ ਦੇਣ ਅਤੇ ਸਾਈਟ ਤੇ ਸਹਾਇਤਾ ਲਈ ਕਲਸਟਰ ਰਿਸੋਰਸ ਸੈਂਟਰ ਸਭ ਤੋਂ ਨਾਜ਼ੁਕ ਇਕਾਈ ਹਨ।ਸਕੂਲ ਦੀ ਵਧੀਆ ਕਾਰਗੁਜ਼ਾਰੀ ਲਈ ਅਕਾਦਮਿਕ ਮੁੱਦਿਆਂ ਅਤੇ ਡਿਜ਼ਾਇਨ ਰਣ ਨੀਤੀਆਂ ਬਾਰੇ ਵਿਚਾਰ-ਵਟਾਦਰਾ ਲਈ ਸੀ.ਆਰ.ਸੀ.ਐਸ ਨੂੰ ਨਿਯਮਿਤ ਦੌਰੇ ਕਰਣ ਅਤੇ ਮਹੀਨਾਵਾਰ ਮੀਟਿੰਗਾਂ ਕਰਨ ਦੀ ਜ਼ਰੂਰਤ ਹੈ।

**<u>ਬੁਨਿਆਦੀ ਢਾਂਚਾ ਅਤੇ ਸਹੂਲਤਾਂ:-</u>**

ਪ੍ਰਬੰਧਰੀ ਪੱਖਾਂ ਲਈ ਸਕੂਲਾਂ ਦਾ ਨਿਰੀਖਣ ਅਤੇ ਨਿਗਰਾਨੀ ਮਹੱਤਵਪੂਰਨ ਹੈ।ਇਸ ਤੋਂ ਇਲਾਵਾ ਅਧਿਆਪਕਾਂ ਦੇ ਨਿਰੰਤਰ ਪੇਸ਼ੇਵਾਰ ਵਿਕਾਸ ਅਤੇ ਉਹਨਾਂ ਨੂੰ ਗ੍ਰੇਡਿੰਗ ਦੇ ਉਦੇਸ਼ ਦੀ ਪੂਰਤੀ ਲਈ ਅਕਾਦਮਿਕ ਅਤੇ ਪਾਠਕ੍ਰਮ ਸਹਾਇਤਾ ਦੀ ਢੁੱਕਵੀ ਪ੍ਰਣਾਲੀ ਵਿਕਸਤ ਕਰਨ ਦੀ ਜ਼ਰੂਰਤ ਹੈ।ਇਸ ਸੰਦਰਭ ਵਿੱਚ ਹਰੇਕ, ਕਲੱਸਟਰ ਰਿਸੋਰਸ ਕੋਆਰਡੀਨੇਟਰ ਨੂੰ ਸਕੂਲ ਦਾ ਦੌਰਾ ਕਰਨਾ ਚਾਹੀਦਾ ਹੈ ਅਤੇ ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਸਕੂਲਾਂ ਨੂੰ ਆਨਸਾਈਟ ਅਕਾਦਮਿਕ ਸਹਾਇਤਾ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਐਮ.ਐਚ.ਆਰ.ਡੀ ਦੇ ਸਾਝੇ ਪਲੇਟ ਫਾਰਮ ਤੇ ਰਿਪੋਰਟਾਂ ਭੇਜਣੀਆਂ ਚਾਹੀਦੀਆਂ ਹਨ।

**<u>ਬੀ ਆਰ ਬੀਜ਼ ਦੁਆਰਾ ਰਿਪੋਰਟ ਕਰਨ:-</u>**

ਅਕਾਦਮਿਕ ਸਰੋਤ ਕੇਂਦਰਾਂ ਦੇ ਤੌਰ ਤੇ ਬਲਾਕ ਸਰੋਤ ਕੇਂਦਰਾਂ (ਬੀ ਆਰ ਸੀਜ਼) ਦੀ ਸੰਭਾਵਨਾਂ ਨੂੰ ਅਜੇ ਪੂਰਾ ਨਹੀਂ ਕੀਤਾ ਜਾ ਸਕਿਆ ਹੈ ਅਤੇ ਉਨ੍ਹਾਂ ਦੀ ਭੂਮਿਕਾ ਅਤੇ ਕਾਰਜਾਂ ਨੂੰ ਅਕਾਦਮਿਕ ਤੌਰ ਤੇ ਚੈਨਲਾਈਜ਼ ਕੀਤਾ ਜਾਣਾ ਹੈ।ਬੀ ਆਰ ਸੀਜ਼/ ਯੂ ਆਰ ਸੀਜ ਨੂੰ ਸਕੂਲਾਂ ਵਿੱਚ ਸਮੱਸਿਆਵਾਂ ਦਾ ਅਧਿਐਨ ਕਰਨ ਅਤੇ ਅਕਾਦਮਿਕ ਮੁੱਦਿਆਂ ਨੂੰ ਹੱਲ ਕਰਨ ਲਈ ਰਣਨੀਤੀਆਂ ਤਿਆਰ ਕਰਨ ਲਈ ਸਰੋਤ ਕੇਂਦਰਾਂ ਵਜੋਂ ਕੰਮ ਕਰਨ ਦੀ ਜ਼ਰੂਰਤ ਹੈ।ਬਲਾਕ ਰਿਸੋਰਸ ਵਿਅਕਤੀ ਸਿਖਲਾਈ ਪ੍ਰਾਪਤ ਕਰਨਗੇ ਪ੍ਰਭਾਵਸ਼ਾਲੀ ਢੰਗ ਨਾਲ ਵਰਤੇ ਜਾਣਗੇ।ਏਕੀਕ੍ਰਿਤ ਅਧਿਆਪਕ ਸਿਖਲਾਈ ਪ੍ਰੋਗਰਾਮ ਤਹਿਤ ਸਮੂਹ ਟੀਚੇ ਸਮੂਹ ਜਿਵੇਂ ਕਿ ਅਧਿਆਪਕ ਪ੍ਰਿੰਸੀਪਲ, ਬਲਾਕ ਅਤੇ ਕਲੱਸਟਰ ਸਰੋਤ (ਰਿਸੋਰਸ) ਵਿਅਕਤੀ ਆਦਿ ਨੂੰ ਇੱਕੋ ਪਲੇਟਫਾਰਮ ਤੇ ਲਿਆਇਆ ਜਾਵੇਗਾ ਅਤੇ ਉਨ੍ਹਾਂ ਦੀਆਂ ਵਿਸ਼ੇਸ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਤੇ ਫੋਕਸ ਕੀਤਾ ਜਾਵੇਗਾ।ਬੀ ਆਰ ਪੀ ਨਿਗਰਾਨੀ, ਫੋਲੋ-ਅਪਸ ਅਤੇ ਇਹ ਸੁਨਿਸ਼ਚਿਤ ਕਰਨ ਲਈ ਕਿ ਸਿਖਲਾਈਆਂ ਤ੍ਰੋ ਸਿੱਖਣ ਵਾਲੀ ਚੀਜਾਂ ਦਾ ਅਨੁਵਾਦ ਜਮਾਤਾਂ ਵਿੱਚ ਕੀਤਾ ਜਾ ਰਿਹਾ ਹੈ ਲਈ ਸਕੂਲਾਂ: ਦੀ ਨਿਯਮਿਤ ਵਿਜ਼ਿਟ ਕਰਣਗੇ।ਰਿਪੋਰਟਿੰਗ ਮੋਬਾਈਲ ਐਪ ਦੇ ਜ਼ਰੀਏ ਕੀਤੀ ਜਾਵੇਗੀ ਜਿਸਨੂੰ ਸੈਟਰਲ

ਸਰਵਰ ਤੇ ਕੰਪਾਇਲ ਕੀਤਾ ਜਾਵੇਗਾ।ਜਿੱਥੇ ਸਾਫਟਵੇਅਰ ਮਤਭੇਦ ਰਿਪੋਰਟਾਂ ਨੂੰ ਜਾਰੀ ਕਰੇਗਾ ਜਿਸ ਤੋਂ ਬਾਅਦ ਫੇਰ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

## ਸਕੂਲ ਮੈਨਜਮੈਂਟ ਕਮੇਟੀ ਦੀ ਸਿਖਲਾਈ:-

ਸਕੂਲ ਮੈਨਜਮੈਂਟ ਕਮੇਟੀ (ਐਸ ਐਮ ਸੀ) ਮੈਂਬਰਾ ਦੀ ਸਿਖਲਾਈ ਕਲੱਸਟਰ ਰਿਸੋਰਸ ਕੋਆਰਡੀਨੇਟਰ (ਸੀ ਆਰ ਸੀ) ਦੁਆਰਾ ਕਰਵਾਉਣ ਦੀ ਲੋੜ ਹੈ।ਰਾਜ ਸਰਕਾਰ ਦੁਆਰਾ ਸਾਰੇ ਸਕੂਲਾਂ ਨੂੰ ਦਿੱਤੀਆ ਜਾਣ ਵਾਲੀਆ  ਤਾਰੀਖਾਂ ਤੇ ਇੱਕ ਸਾਲ ਵਿੱਚ ਚਾਰ ਤਿਮਾਹੀ ਮੀਟਿੰਗਾਂ ਕਰਵਾਇਆ ਜਾਣਗੀਆਂ।ਮੀਟਿੰਗਾਂ ਕਰਵਾਉਣ ਲਈ ਅਤੇ ਮੀਟਿੰਗਾਂ ਵਿੱਚ ਮੋਬਾਇਲ ਐਪ ਤੇ ਤਿਮਾਹੀ ਰਿਪੋਰਟਾਂ ਅਪਲੋਡ ਕਰਨ ਦੇ ਨਾਲ-ਨਾਲ ਸਕੂਲਾਂ ਦੀ ਸਥਿਤੀ/ ਗਤੀਵਿਧੀਆਂ ਬਾਰੇ ਸਹਾਇਤਾਂ ਪ੍ਰਧਾਨ ਕੀਤੀ ਜਾਵੇਗੀ।

ਇੱਕ ਵਿਸ਼ੇਸ ਯੋਜਨਾਂ ਦੇ ਅਧੀਨ ਐਲੀਮੈਂਟਰੀ ਅਤੇ ਸੈਕੰਡਰੀ ਦੋਵੇ ਪੱਧਰਾਂ ਤੇ 3000 ਰੁਪਏ ਤੱਕ ਦੀ ਵਿਤੀ ਵਿਵਸਥਾ ਪ੍ਰਤੀ ਸਕੂਲ ਪ੍ਰਤੀ ਸਾਲ ਪ੍ਰਧਾਨ ਕੀਤੀ ਜਾ ਰਹੀ ਹੈ।

## ਸਮੱਗਰਾ ਸਿੱਖਿਆ ਦੇ ਲੋਗੋ ਦਾ ਪ੍ਰਦਰਸ਼ਨ:-

ਲੋਗੋ ਇੱਕ ਯੋਜਨਾ ਦੇ ਦਰਸ਼ਨ ਅਤੇ ਭਾਵਨਾ ਦਾ ਪ੍ਰਤੀਕ ਹੈ।ਲੋਗੋ,ਭਾਵਨਾ ਪੈਦਾ ਕਰਨ ਅਤੇ ਸਕੂਲ,ਵਿਦਿਆਰਥੀ ਅਤੇ ਵੱਡੇ ਪੱਧਰ ਤੇ ਭਾਈਚਾਰੇ ਦਰਮਿਆਨ ਸਬੰਧ ਬਣਾਉਣ ਵਿੱਚ ਹੀ ਸਹਾਇਤਾ ਕਰਦਾ ਹੈ।ਪਹਿਲਾਂ ਐਸ,ਐਸ ਦਾ ਲੋਗੋ ਸਕੂਲ ਦੀਆਂ ਕੰਧਾਂ ਤੇ ਪੇਂਟ ਕੀਤਾ ਜਾਂਦਾ ਸੀ ਜ਼ੋ ਕਿ ਸਮਾਜ ਵੱਲੋ ਬਹੁਤ ਵਧੀਆ ਢੰਗ ਨਾਲ ਪ੍ਰਾਪਤ ਕੀਤਾ ਗਿਆ ਅਤੇ ਇਸ ਨਾਲ ਸਕੂਲਾਂ ਦੀ ਪਛਾਣ ਵਿੱਚ ਸਹਾਇਤਾ ਮਿਲੀ।

ਇਸ ਲਈ ਸਾਰੇ ਸਕੂਲਾਂ ਲਈ ਮੁੱਖ ਤੌਰ ਤੇ ਆਪਣੀ ਇਮਾਰਤ ਅੰਦਰ ਲੋਗੋ ਦਾ ਪ੍ਰਦਰਸ਼ਨ ਕਰਨਾ ਬਹੁਤ ਮਹੱਤਵਪੂਰਨ ਹੈ।ਸਾਰੇ ਸਕੂਲਾਂ ਲਈ ਕੰਧ ਚਿੱਤਰਾਂ ਜਾਂ ਪ੍ਰਦਰਸ਼ਨੀ ਬੋਰਡ ਦੁਆਰਾ ਪ੍ਰਮੁੱਖ ਸਥਾਨ ਤੇ ਮੁਫਤ ਪਾਠ ਪੁਸਤਕਾਂ ਮੁਫਤ ਵਰਦੀਆਂ ਆਦਿ ਵਰਗੀਆਂ ਸਹੂਲਤਾਂ ਦੇ ਨਾਲ ਸਮੱਗਰਾ ਨੂੰ ਸਿੱਖਿਆ ਦੇ ਲੋਗੋ ਨੂੰ ਪ੍ਰਦਰਸ਼ਿਤ ਕਰਨ ਵੀ ਜਰੂਰੀ ਹੋਵੇਗਾ।ਲੋਗੋ ਦਾ ਡਿਜ਼ਾਈਨ ਐਮ.ਐਚ .ਆਰ ਡੀ ਦੁਆਰਾ ਸਾਝਾ ਕੀਤਾ ਜਾਵੇਗਾ।

## ਭਰੋਸੇਯੋਗ ਡਾਟਾ,ਜਵਾਬਦੇਰੀ ਅਤੇ ਅਵਾਰਡ:-

UDISE ਸਕੂਲ ਸਿੱਖਿਆ ਤੇ ਯੂਨੀਫਾਈਡ ਜਿਲ੍ਹਾ ਜਾਣਕਾਰੀ ਦੇਸ਼ ਦੇ ਸਾਰੇ ਸਕੂਲਾਂ ਦੇ ਡਾਟਾ ਇੱਕਠਾ ਕਰਦਾ ਹੈ।2018-19 ਤੋਂ UDISEਨੂੰਅਪਡੇਟ ਕਰਨ ਅਤੇ ਨਵੀ ਵਿਸ਼ੇਸ਼ਤਾਵਾਂ ਨੂੰ ਪੇਸ਼ ਕਰਨ ਦਾ ਫੈਸਲਾ ਕੀਤਾ ਗਿਆ। ਇਹ ਐਪਲੀਕੇਸ਼ਨ ਆਨ ਲਾਈਨ ਹੋਵੇਗੀ ਅਤੇ ਹੋਲੀ-ਹੋਲੀ  ਅਸਲ ਸਮੇਂ ਦੇ ਡਾਟਾ ਨੂੰ ਇੱਕਠਾ ਕਰਨ ਵੱਲ ਵਧੇਗੀ।ਇਸ ਐਪਲੀਕੇਸ਼ਨ ਵਿੱਚ ਡਾਟਾ ਇਕੱਠਾ ਕਰਨ ਦੇ ਨਾਲ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੋਣਗੀਆਂ।

1. ਡਾਟਾ ਵਿਸ਼ਲੇਸ਼ਣ ਅਤੇ ਡਾਟਾ ਦਿਖਾਉਣ ਵਾਲਾ ਡੈਸ਼ ਬੋਰਡ ਵਿਕਸ਼ਿਤ  ਜਾਵੇਗਾ।ਇਸ ਲਈ ਸਾਲਾਂ ਦੇ ਰੁਝਾਨ ਦਾ ਅਧਿਐਨ ਕਰਨ ਅਤੇ ਵਿਕਾਸ ਦੀ ਨਿਗਰਾਨੀ ਕਰਨ ਲਈ ਸਮਾਂ ਲੜੀ ਦੇ ਅੰਕੜੇ ਸ਼ਾਮਲ ਹੋਣਗੇ।ਪ੍ਰਮੁੱਖ ਕਾਰਗੁਜ਼ਾਰੀ ਸੂਚਨਾ ਵਿੱਚ ਤਰੱਕੀ ਨੂੰ ਵੇਖਿਆ ਜਾਵੇਗਾ।

2. ਸਿਸਟਮ ਨੂੰ ਜੀ.ਆਈ.ਐਸ ਮੈਪਿੰਗ ਨਾਲ ਜੋੜਿਆ ਜਾਵੇਗਾ ਅਤੇ ਸਕੂਲ ਰਿਪੋਰਟ ਕਾਰਡ ਤਿਆਰ ਕੀਤਾ ਜਾਣਗੇ।

3. ਡਾਟਾ ਦੀ ਗੁਣਵੱਤਾ ਨੂੰ ਯਕੀਨੀ ਬਣਾਉਣ ਲਈ ਤੀਜੇ ਧਿਰ ਦੀ ਤਸਦੀਕ ਲਈ ਇੱਕ ਵੱਖਰੀ ਮੋਡਊਲ ਵਿਕਸ਼ਿਤ ਕੀਤਾ ਜਾਵੇਗਾ।ਜਿਸ ਵਿੱਚ ਇੱਕ ਮੋਬਾਈਲ ਐਪ ਵੀ ਸ਼ਾਮਲ ਹੋਵੇਗੀ।





**<u>ਪਰਫਾਰਮੈਂਸ ਗਰੇਡਿੰਗ ਇੰਡੈਕਸ (ਪੀ ਜੀ ਆਈ ):-</u>**

ਪੀ ਜੀ ਆਈ ਰਾਜ ਦੇ ਸਿੱਖਿਆ ਸ਼ਾਸਤਰਾ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਸਕੂਲ ਦੀ ਸਿੱਖਿਆ ' ਤੇ 70 ਸੂਚਕਾਂ ਦੇ ਪਾਰ ਉਨ੍ਹਾਂ ਦੀ ਕਾਰਜ਼ਗੁਜ਼ਾਰੀ ' ਤੇ ਗਰੇਡ ਦੇਣ ਦੇ ਉਦੇਸ਼ ਲਈ ਹੈ।

1. ਸੂਚਕਾਂਕ ਰਾਜਾਂ ਅਤੇ ਯੂ ਅੀਜ਼ ਨੂੰ ਗ੍ਰੇਡ ਦੇਵੇਗਾ ਅਤੇ ਇਸ ਤਰ੍ਹਾਂ ਇੱਕ ਤੋਂ ਵੱਧ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਇੱਕੋ ਗ੍ਰੇਡ ' ਤੇ ਕਬਜ਼ਾ ਕਰ ਸਕਣਗੇ ਅਤੇ ਇਸ ਲਈ ਸਾਰੇ 36 ਰਾਜ ਅਤੇ ਯੂ ਟੀਜ਼ ਆਖਿਰਕਾਰ ਸਭ ਤੋਂ ਉੱਚੇ ਪੱਧਰ ਤੇ ਪਹੁੰਚਣਗੇ। ਪੀ ਜੀ ਆਈ ਨੂੰ ਰਾਜਾਂ ਅਤੇ ਯੂ ਟੀਜ਼ ਦੇ ਅਧਿਆਪਕਾਂ ਦੀ ਆਨਲਾਈਨ ਭਰਤੀ ਅਤੇ ਟ੍ਰਾਂਸਫਰ,ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਇਲੈਕਟ੍ਰਾਨਿਕ ਹਾਜ਼ਰੀ ਆਦਿ ਕੁਝ ਅਭਿਆਸਾਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨ ਲਈ ਇੱਕ ਸਾਧਨ ਦੇ ਰੂਪ ਵਿੱਚ ਬਣਾਇਆ ਗਿਆ ਹੈ।

2. ਪੀ ਜੀ ਆਈ ਕੋਲ 70 ਸੰਕੇਤਕ ਹਨ ਜ਼ੋ ਸ਼੍ਰੇਣੀਆਂ-ਨਤੀਜਿਆਂ ਅਤੇ ਸ਼ਾਸਨ ਪ੍ਰਕਿਰਿਆਵਾਂ ਵਿੱਚ ਵੰਡੇ ਗਏ ਹਨ।ਪਹਿਲੀ ਸ਼੍ਰੇਣੀ ਨੂੰ ਚਾਰ ਡੋਮੇਨਾਂ ਵਿੱਚ ਵੰਡਿਆ ਗਿਆ ਹੈ, ਜ਼ੋ ਕਿ ਸਿੱਖਣ ਦੇ ਨਤੀਜੇ, ਪਹੁੰਚ ਦੇ ਨਤੀਜੇ, ਬੁਨਿਆਦੀ ਢਾਂਚੇ ਅਤੇ ਸਹੂਲਤਾਂ ਅਤੇ ਇਕੁਇਟੀ ਦੇ ਨਤੀਜੇ ਹਨ।ਦੂਜੀ ਸ਼੍ਰੇਣੀ ਗਵਰਨੈਂਸ ਪ੍ਰਕਿਰਿਆਵਾਂ ਬਾਰੇ ਹੈ ਜਿਸ ਵਿੱਚ ਹਾਜ਼ਰੀ, ਅਧਿਆਪਕ ਦੀ ਯੋਗਤਾ, ਪ੍ਰਸ਼ਾਸਕੀ ਯੋਗਤਾ, ਸਿਖਲਾਈ, ਜਵਾਬਦੇਹੀ ਅਤੇ ਪਾਰਦਰਸ਼ਤਾ ਸ਼ਾਮਲ ਹਨ।




3. ਪੀ ਜੀ ਆਈ ਅਧੀਨ ਕੁੱਲ ਇੱਕ ਹਜ਼ਾਰ ਮਾਰਕਿੰਗ ਪੁਆਇੰਟ ਹਨ।ਹਰ ਇੱਕ ਸੂਚਕ ਨੂੰ 20 ਜਾਂ 10 ਅੰਕ ਦਿੱਤੇ ਗਏ ਹਨ।

**ਸ਼ਗਨ ਪੋਰਟਲ:-**

ਮਾਨਵ ਸੰਸਾਧਨ ਵਿਕਾਸ ਦੇ ਮਾਨਯੋਗ ਮੰਤਰੀ ਨੇ 18 ਜਨਵਰੀ 2017 ਨੂੰ ਸ਼ਗਨ ਪੋਰਟਲ (www.seshagun.nic.in) ਦੀ ਸ਼ੁਰੂਆਤ ਕੀਤੀ।ਇਸ ਦੇ ਦੋ ਮੋਡਊਲ ਹਨ:-

1. ਨਵੀਨਤਾ ਦਾ ਭੰਡਾਰ
2. ਆਨਲਾਈਨ ਨਿਗਰਾਨੀ

**ਡਿਜ਼ੀਟਲ ਰਿਪੋਜ਼ਟਰੀ:-**

ਡਿਜ਼ੀਟਲ ਰਿਪੋਜ਼ਟਰੀ ਨੂੰ ਵੱਖ-ਵੱਖ ਸਥਿਤੀਆਂ ਵਿੱਚ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰੇਦਸ਼ਾਂ ਦੁਆਰਾ ਲਾਗੂ ਕੀਤੇ ਜਾ ਰਹੇ ਹਨ ਨਵੀਨਤਮ ਅਤੇ ਸਫ਼ਲ ਉੱਦਮਾਂ ਨੂੰ ਦੁਹਰਾਉਣ ਅਤੇ ਪੈਮਾਨੇ ' ਤੇ ਲਿਆਉਣ ਦੇ ਯੋਗ ਬਣਾਉਣਾ ਹੈ।

ਚੰਗੇ ਅਭਿਆਸਾਂ ਦਾ ਇਹ ਭੰਡਾਰ ਸਕਾਰਾਤਮਕ ਕਹਾਣੀਆਂ ਅਤੇ ਵਿਕਾਸ'ਤੇ ਕੇਂਦ੍ਰਤ ਕਰਦਾ ਹੈ ਜ਼ੋ ਸਕੂਲੀ ਸਿੱਖਿਆ ਵਿੱਚ ਕਾਰਗੁਜ਼ਾਰੀ ਦੇ ਸੁਧਾਰਾਂ ਨੂੰ ਵਧਾ ਰਹੇ ਹਨ।ਇਹ ਡਿਜ਼ੀਟਲ ਪਲੇਟਫਾਰਮ, ਜਨਤਾ, ਮੀਡੀਆ ਹਿੱਸੇਦਾਰਾ ਅਤੇ ਗਲੋਬਲ ਅਕੈਡਮੀ ਲਈ ਐਲਮੈਂਟਰੀ ਸਿੱਖਿਆ ਦੇ ਖੇਤਰ ਵਿੱਚ ਰਜਿਸਟਰਡ ਨਵੀਆਂ ਵਿਚਾਰਾਂ ਅਤੇ ਮਜ਼ਬੂਤ ਸਟੋਰ ਦੀ ਸਫ਼ਲਤਾ ਦੀਆਂ ਕਹਾਣੀਆਂ ਨੂੰ ਵੇਖਣ ਲਈ ਬਣਾਇਆ ਗਿਆ ਹੈ।ਨਵੀਨਤਾਵਾਂ ਜਿਨ੍ਹਾਂ ਦੇ ਰਾਜ ਸਰਕਾਰਾਂ ਦੇ ਪਬਲਿਕ ਸਕੂਲ,ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਲਾਭ ਪਹੁੰਚਾਇਆ ਹੈ, ਇਸ ਰਿਪੋਜ਼ਟਰੀ ਦੇ ਜ਼ਰੀਏ ਦਸਤਾਵੇਜ਼ ਅਤੇ ਪ੍ਰਸ਼ਾਰਿਤ ਕੀਤੇ ਗਏ ਹਨ। ਸ਼ਗਨ ਰਿਪੋਜ਼ਟਰੀ ਵਿੱਚ ਵਧੀਆ ਅਭਿਆਸਾਂ ਦੇ 296 ਵੀਡੀਓ, 269 ਕੇਸ ਸਟੱਡੀਜ਼, 151 ਪ੍ਰਸ਼ੰਸਾ ਪੱਤਰ ਅਤੇ 4586 ਫੋਟੋਆਂ ਹਨ।

ਸਾਲ 2018-19 ਵਿੱਚ ਵਿਭਾਗ ਨੇ ਵਿਭਾਗ ਦੀਆਂ ਸਾਰੀਆਂ ਸਕੀਮਾਂ ਅਤੇ ਵੱਖ-ਵੱਖ ਖੁਦਮੁਖਤਿਆਰੀ ਸੰਸਥਾਵਾਂ ਦੀਆਂ ਗਤੀਵਿਧੀਆਂ ਜਿਵੇਂ ਕਿ NCERT, NIEPA,CBSE,NCTE,NIOS,KUS,NUS, ਰਾਸ਼ਟਰੀ ਬਾਲ ਭਵਨ ( ਟਨਨ) ਨੂੰ ਸ਼ਾਮਲ ਕਰਕੇ ਰਿਪੋਜ਼ਟਰੀ ਦਾ ਵਿਸਥਾਰ ਕਰਨ ਦਾ ਫੈਸਲਾ ਕੀਤਾ।

**ਨਿਗਰਾਨੀ (ਮੋਨੀਟਰਿੰਗ):-**

ਸ਼ਗੁਨ ਦਾ ਆਨਲਾਈਨ ਨਿਗਰਾਨੀ (ਮੋਨੀਟਰਿੰਗ) ਮੋਡਿਊਲ ਰਾਜ-ਪੱਧਰ ਦੀ ਕਾਰਗੁਜ਼ਾਰੀ ਅਤੇ ਪ੍ਰਮੁੱਖ ਵਿਦਿਅਕ ਸੂਚਕਾਂ ਦੇ ਵਿਰੁੱਧ ਪ੍ਰਗਤੀ ਨੂੰ ਮਾਪਦਾ ਹੈ ਜ਼ੋ ਰਾਜ ਅਤੇ ਰਾਜ ਸ਼ਾਸਤ ਪ੍ਰਦੇਸ਼ਾਂ ਦੇ ਡੀ.ਐਸ.ਈ.ਐਲ ਅਤੇ ਸਿੱਖਿਆ ਵਿਭਾਗਾ ਨੂੰ ਅਸਲ ਸਮੇਂ ਮੁਲਾਂਕਣ ਕਰਨ ਦੇ ਯੋਗ ਕਰਦਾ ਹੈ।ਮੁੱਖ ਕਾਰਜ ਹਨ ਫੰਡਾਂ ਦੀ ਵਰਤੋਂ ਟਰੈਕਿੰਗ,ਪ੍ਰਮੁੱਖ ਵਿੱਦਿਅਕ ਸੂਚਕਾਂ' ਤੇ ਪ੍ਰਦਰਸ਼ਨ ਮਾਪ,ਆਨਲਾਈਨ ਯੋਜਨਾਬੰਦੀ ਅਤੇ ਟਿੱਚਾ ਨਿਰਧਾਰਣ , ਸਰੀਰਕ ਟੀਚੇ ਅਤੇ ਨਤੀਜਿਆਂ ਦੀ ਨਿਗਰਾਨੀ।

ਪੋਰਟਲ ਡਾਟਾ ਵਿਸ਼ਲੇਸ਼ਣ ਪੇਸ਼ ਕਰਦਾ ਹੈ ਅਤੇ ਗ੍ਰਾਫਿਕਸ ਤਿਆਰ ਕਰਦਾ ਹੈ ਜ਼ੋ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂਦੀ ਪ੍ਰਗਤੀ ਨੂੰ ਦਰਸਾਉਂਦਾ ਹੈ ਜਿਵੇਂ ਕਿ ਮੁੱਖ ਤੌਰ ਤੇ ਸਕੂਲ ਜਾਣ ਵਾਲੇ ਬੱਚਿਆਂ ਦੀ ਸਹੀ ਗਿਣਤੀ, ਸਰਕਾਰੀ ਸਕੂਲਾਂ ਵਿੱਚ ਵਧਾਊਣਾ ਜਾਂ ਘਟਾਉਣਾ, ਪ੍ਰਾਈਵੇਟ ਸਕੂਲਾਂ ਵਿੱਚ ਖਰਚੇ,ਸਿੱਖਣ ਦੇ ਨਤੀਜੇ ਅਤੇ ਅਧਿਆਪਕਾਂ ਦੀਆਂ ਤਨਖਾਹਾਂ ਵਿੱਚ ਵਾਧਾ ਕਰਨਾ।

ਇੱਕ ਵੱਡੀ ਪਹਿਲਕਦਮੀ ਤਹਿਤ ਦੇਸ਼ ਭਰ ਦੇ ਸਾਰੇ ਸਰਕਾਰੀ ਸਕੂਲਾਂ ਦਾ ਅਗਸਤ-ਸਤੰਬਰ 2019 ਦੌਰਾਨ ਦੌਰਾ ਕੀਤਾ ਜਾਵੇਗਾ ਅਤੇ ਜਾਂਚ ਕੀਤੀ ਜਾਵੇਗੀ।ਇਹ ਇੱਕ ਸੈਂਸਰ ਅਧਾਰਿਤ ਆਡਿਟ ਹੈ ਜ਼ੋ ਸਤੰਬਰ 2019 ਵਿੱਚ ਸਾਰੇ ਰਾਜਾਂ ਦੇ 11.85 ਲੱਖ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਅਤੇ ਲਗਪਗ 7 ਲੱਖ ਇੱਕਲੇ ਪ੍ਰਾਇਮਰੀ ਸਕੂਲਾਂ ਵਿੱਚ ਕੀਤਾ ਜਾਵੇਗਾ।ਸਕੂਲ ਅਧਾਰਿਤ ਵੱਖ-ਵੱਖ ਮਾਪਦੰਡਾਂ ਦੇ ਅੰਕੜੇ ਇਸ ਸਮੇਂ ਸਿੱਖਿਆ ਲਈ ਸ਼ਗੁਨ ਪ੍ਰੋਜੈਕਟ ਨਿਗਰਾਨੀ ਪ੍ਰਣਾਲੀ ਦੇ ਸਾਧਨਾਂ ਰਾਹੀਂ ਇਕੱਤਰ ਕੀਤੇ ਜਾਂਦੇ ਹਨ ਤਾਂ ਜ਼ੋ ਸਕੂਲ ਪੱਧਰ ਤੇ ਗੁਣਵੱਤਾ ਅਤੇ ਬੁਨਿਆਦੀ ਢਾਂਚੇ ਦਾ ਮੁਲਾਂਕਣ ਕਰਨ ਲਈ ਵੱਖ-ਵੱਖ ਸਕੂਲ ਅਧਾਰਤ ਮਾਪਦੰਡਾਂ ਦੇ ਅੰਕੜੇ ਇਸ ਸਮੇਂ ਯੁਨੀਫਾਈਡ ਜਿਲ੍ਹਾਂ ਸੂਚਨਾ ਪ੍ਰਣਾਲੀਠ ਸ਼ਗਨ , ਪ੍ਰੋਜੈਕਟ ਨਿਗਰਾਨੀ ਪ੍ਰਣਾਲੀ ਅਤੇ ਕਾਰਗੁਜ਼ਾਰੀ ਗਰੇਡਿੰਗ ਸੂਚਕਾਂਕ ਦੇ ਸੰਦਾਂ ਦੁਆਰਾ ਇੱਕਤਰ ਕੀਤੇ ਜਾਂਦੇ ਹਨ।ਹਾਲਾਂਕਿ ਇਹ ਖੇਤਰਾਂ ਦੇ ਦੌਰੇ ਦੁਆਰਾ ਸੰਕੇਤ ਨਹੀਂ ਕਤੀ ਜਾਂਦਾ ਉਤਸ਼ਾਹਿਤ ਜਿਲ੍ਹੇ ਦੇ ਕੇਂਦਰੀ ਪ੍ਰਭਾਗੀ ਅਧਿਕਾਰੀਆਂ ਤੋਂ ਪ੍ਰਾਪਤ ਹੁੰਗਾਰੇ ਨੇ ਇਹ ਦਰਸਾਇਆ ਹੈ ਕਿ ਬਹੁਤ ਸਾਰੇ ਸਕੂਲਾਂ ਦਾ ਦੌਰਾ ਨਹੀਂ ਕੀਤਾ ਜਾਂਦਾ ਜਾਂ ਬਹੁਤ ਘੱਟ ਕੀਤਾ ਜਾਂਦਾ ਹੈ।ਇਸ ਲਈ ਬੁਨਿਆਦੀ ਢਾਂਚੇ ਦੀਆਂ ਸਹੂਲਤਾਂ, ਅਧਿਆਪਕਾਂ,ਵਿਦਿਆਰਥੀਆਂ,ਸਕੂਲ ਪ੍ਰਬੰਧਨ ਅਤੇ ਭਾਈਚਾਰੇ/ ਸਮਾਜ ਦੀ ਭਾਗੀਦਾਰੀ ਦੀ ਕਾਫੀ ਜਾਣਕਾਰੀ ਦਾ ਪਤਾ ਲਗਾਉਣ ਲਈ ਹਰੇਕ ਸਕੂਲ ਨੂੰ ਕਵਰ ਕਰਨ ਲਈ ਸਕੂਲ ਆਧਾਰਿਤ ਜਨਗਣਨਾ ਦੀ ਵਰਤੋਂ ਕਰਨ ਦੀ ਜ਼ਰੂਰਤ ਮਹਿਸੂਸ ਕੀਤੀ ਗਈ ।

ਸਕੂਲ ਦੀ ਮਰਦਮਸ਼ੁਮਾਰੀ ਲਈ ਮਾਪਦੰਡ ਮਹਿਸੂਸ ਕੀਤੀ ਗਈ ਪੀ ਜੀ ਆਈ ਅਤੇ ਸ਼ਗੁਨ ਦੁਆਰਾ ਨਿਗਰਾਨੀ ਅਧੀਨ ਸੂਚਕਾਂ ਤੇ ਆਧਾਰਿਤ ਹੋਏ ਹਨ।ਸਿੱਖਣ ਦੇ ਨਤੀਜਿਆਂ ਦਾ ਮੁਲਾਂਕਣ ਇਸ ਮੁਲਾਂਕਣ ਦਾ ਹਿੱਸਾ ਨਹੀਂ ਹੋਵੇਗਾ ਕਿਉਂ ਕਿ ਇੱਕ ਐਨ.ਏ .ਐਸ/ਸਕੂਲ ਆਧਾਰਿਤ ਦੇ ਮੁਲਾਂਕਣ ਦੇ ਅਗਲੇ ਗੇੜ ਵਿੱਚ ਕੀਤਾ ਜਾਵੇਗਾ।ਫੀਡਬੈਂਕ ਸਿਸਟਮ ਨੂੰ ਸਕੂਲ ਦੀਆਂ ਖਾਸ ਜ਼ਰੂਰਤਾਂ ਪ੍ਰਤੀ ਜਵਾਬਦੇਹ ਬਣਨ ਵਿੱਚ ਸਹਾਇਤਾ ਕਰੇਗਾ ਅਤੇ ਨੀਤੀਗਤ ਉਚਿਤ ਦਖਲਅੰਦਾਜ਼ੀ ਆਰੰਭ ਕਰੇਗੀ।ਪ੍ਰੋਗਰਾਮ ਲਈ ਦਿਸ਼ਾ ਨਿਰਦੇਸ਼ 25 ਅਪ੍ਰੈਲ 2019 ਨੂੰ ਜਾਰੀ ਕੀਤੇ ਗਏ ਹਨ।

## ਚੰਗੀ ਕਾਰਗੁਜ਼ਾਰੀ ਨੂੰ ਮਾਨਤਾ ਦੇਣਾ

### ਅਧਿਆਪਕਾਂ ਨੂੰ ਰਾਸ਼ਟਰੀ ਪੁਰਸ਼ਕਾਰ:-

ਇਹ ਪੁਰਸਕਾਰ 1958 ਵਿੱਚ ਸਥਾਪਤ ਕੀਤੇ ਗਏ ਸਨ।1960  ਦੇ ਦਹਾਕੇ ਦੇ ਮੱਧ ਤੋਂ, 5 ਸਤੰਬਰ ਨੂੰ ਭਾਰਤ ਦੇ ਸਾਬਕਾ ਰਾਸ਼ਟਰਪਤੀ ਸਵਰਪੱਖੀ ਰਾਧਾ ਕ੍ਰਿਸ਼ਨ  ਦੇ ਜਨਮ ਦਿਨ ਦੇ ਦਿਨ ਸਮਾਗਮ ਦੀ ਨਿਸ਼ਚਤ ਤਾਰੀਖ ਬਣ ਗਈ




ਸੀ। ਸਾਲਾਂ ਦੌਰਾਨ ਅਵਾਰਡਾਂ ਦੀ ਗਿਣਤੀ ਵੱਧ ਕੇ 378 ਪੁਰਸਕਾਰ ਹੋ ਗਈ,ਪਰ ਇਹ ਮਹਿਸੂਸ ਕੀਤਾ ਗਿਆ ਕਿ ਅਵਾਰਡ ਆਪਣਾ ਮਹੱਤਤਾ ਗੁਆ ਰਹੇ ਸਨ।

ਯੋਜਨਾ ਦੇ ਦਿਸ਼ਾ-ਨਿਰਦੇਸ਼ਾਂ ਨੂੰ ਸਾਲ 2018 ਵਿੱਚ ਵੱਡੇ ਰਾਸ਼ਟਰੀ ਪੁਰਸ਼ਕਾਰਾਂ ਵਿੱਚ ਬਦਲਾਅ ਦੀ ਤਰਜ਼ਦੇ ਨਾਲ ਸੋਧਿਆ ਗਿਆ ਸੀ। ਨਵੀਂ ਯੋਜਨਾ ਪਾਰਦਰਸ਼ੀ ਹੈ ਅਤੇ ਆਵਰਡਾਂ ਦੇ ਉੱਤਮਤਾ ਅਤੇ ਕਾਰਗੁਜ਼ਾਰੀ ਦਾ ਪ੍ਰਦਰਸ਼ਨ ਕੀਤਾ।

<u>**ਨਵੀਂ ਸਕੀਮ ਦੀਆਂ ਵਿਸ਼ੇਸਤਾਵਾਂ ਹਨ:-**</u>

1. ww.mhrd.gov.in ਤੇ ਅਧਿਆਪਕਾਂ ਤੋਂ ਆਨਲਾਈਨ ਸਵੈ-ਨਾਮਜ਼ਦਗੀਆਂ ਮੰਗੀਆ ਗਈਆਂ ਸਨ।ਵੈਬ ਪੋਰਟਲ ਨੂੰ ਪ੍ਰਬੰਧਕੀ ਸਟਾਫ ਕਾਲਜ਼ ਆਫ ਇੰਡੀਆ ਨੇ ਵਿਕਸਤ ਕੀਤਾ ਸੀ ਅਤੇ ਸਾਰਾ ਸਾਫਟਵੇਅਰ ਬਿਨਾਂ ਕਿਸੇ ਗਲਤੀ ਜਾਂ ਸ਼ਿਕਾਇਤਾਂ ਦੇ ਸੁਚਾਰੂ ਢੰਗ ਨਾਲ ਚਲਦਾ ਸੀ

2. ਦੇਸ਼ ਭਰ ਦੇ ਅਧਿਆਪਕਾਂ ਤੋਂ ਲਗਪਗ 6000 ਅਰਜ਼ੀਆਂ ਪ੍ਰਪਾਤ ਹੋਈਆਂ ਜ਼ੋ ਸਪੱਸ਼ਟ ਤੌਰ ਤੇ ਸੰਕੇਤ ਕਰਦੀਆਂ ਹਨ ਕਿ ਪਹਿਲ ਸਫਲ ਰਹੀ।

3. ਸਾਰੇ ਨਿਯਮਿਤ ਅਧਿਆਪਕ ਯੋਗ ਸਨ ਅਤੇ ਘੱਟੋ-ਘੱਟ ਸਾਲਾਂ ਦੀ ਸੇਵਾ ਦੀ ਲੋੜ ਨਹੀਂ ਸੀ।ਇਸ ਦੇ ਹੋਣਹਾਰ ਨੌਜਵਾਨ ਅਧਿਆਪਕਾਂ ਨੂੰ ਅਪਲਾਈ ਕਰਨ ਦੇ ਯੋਗ ਬਣਾਇਆ।

4. ਪੁਰਸਕਾਰਾਂ ਦੀ ਗਿਣਤੀ 45 ਨਾਲ ਤਕਰਸ਼ੀਲ ਕੀਤੀ ਗਈ ਸੀ ਜਿਸ ਨਾਲ ਪੁਰਸ਼ਕਾਰਾਂ ਦੇ ਸਨਮਾਨ ਨੂੰ ਬਹਾਲ ਕੀਤਾ ਗਿਆ ਸੀ।

5. ਕਿਸੇ ਵੀ ਰਾਜ, ਕੇਂਦਰ ਸ਼ਾਸਤ ਪ੍ਰਦੇਸ਼ ਜਾਂ ਸੰਗਠਨ ਦਾ ਅੰਤਿਮ ਚੋਣ ਵਿੱਚ ਕੋਟਾ ਨਹੀਂ ਸੀ। ਇਸ ਨੇ ਉਨ੍ਹਾਂ ਨੂੰ ਪੁਰਸਕਾਰਾਂ ਲਈ ਮੁਕਾਬਲਾ ਕਰਣ ਲਈ ਉਤਸਾਹਤ ਕੀਤਾ।

6. ਰਾਸ਼ਟਰੀ ਪੱਧਰ ਤੇ ਇੱਕ ਸੁਤੰਤਰ ਜਿਊਰੀ ਨੇ ਅੰਤਿਮ ਚੋਣ ਕੀਤੀ। ਜਿਊਰੀ ਨੇ ਸਾਰੇ ਰਾਜਾਂ, ਕੇਂਦਰ ਸ਼ਾਸਤ ਪ੍ਰਦੇਸ਼ਾਂ ਅਤੇ ਸੰਗਠਨਾਂ ਦੁਆਰਾ ਅੱਗੇ ਭੇਜੇ ਗਏ 152 ਉਮੀਦਵਾਰਾਂ ਦੀ ਸੂਚੀ ਦੀ ਸਮੀਖਿਆ ਕੀਤੀ। ਨਾਮਜ਼ਦ ਹਰੇਕ ਵਿਅਕਤੀ ਨੇ ਜਿਊਰੀ ਦੇ ਅੱਗੇ ਪੇਸ਼ਕਾਰੀ ਕੀਤੀ। ਜਿਸਨੇ ਅਧਿਆਪਕਾਂ ਦੇ ਪੁਰਸਕਾਰਾਂ ਲਈ 45 ਨਾਵਾਂ ਦੀ ਸਿਫ਼ਾਰਿਸ਼ ਕੀਤੀ।

ਮਾਨਯੋਗ ਪ੍ਰਧਾਨ ਮੰਤਰੀ ਨੇ 4 ਸਤੰਬਰ 2018 ਨੂੰ ਆਪਣੇ ਨਿਵਾਸ ਸਥਾਨ ਵਿਖੇ ਉਹਨਾਂ ਨੂੰ ਸਨਮਾਨਿਤ ਕੀਤਾ ਅਤੇ ਉਹਨਾਂ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਅਵਾਰਡ ਲੈਣ ਵਾਲੇ ਅਧਿਆਪਕਾਂ ਨਾਲ ਗੱਲਬਾਤ ਬਾਰੇ ਟਵੀਟ ਵੀ ਕੀਤਾ।

ਜਿੱਥੇ ਅਵਾਰਡ ਪ੍ਰਾਪਤ ਕਰਨ ਵਾਲੇ ਝਾਰਖੰਡ ਤੋਂ ਅਰਵਿੰਦ ਜਜਵਾਰੇ ਅਤੇ ਮਹਾਰਾਸ਼ਟਰ ਤੋਂ ਵਿਕਰਮ ਅਬਦੁਲ ਡਰਾਪ ਆਉਟਸ ਨੂੰ ਘਟਾਉਣ ਲਈ ਆਨੰਦਮਈ ਸਿਖਲਾਈ ਦਾ ਪ੍ਰਯੋਗ ਕਰਦੇ ਹਨ, ਉੱਥੇ ਗੁਜਰਾਤ ਦੇ ਰਾਕੇਸ਼ ਪਟੇਲ ਅਤੇ ਰਾਜਸਥਾਨ ਦੇ ਇਮਰਾਨ ਖਾਨ ਵਰਗੇ ਅਧਿਆਪਕਾਂ ਨੇ ਆਪਣੇ ਸਕੂਲ ਨੂੰ ਸਿੱਖਿਆ ਦਾ ਮੰਦਰ ਬਣਾਉਣ ਲਈ ਆਈ.ਸੀ.ਟੀ. ਅਤੇ ਬਾਲ - ਦੋਸਤਾਨਾ ਗਤੀਵਿਧੀਆਂ ਸ਼ਾਮਲ ਕੀਤੀਆਂ। ਕਰਨਾਟਕ ਦੇ ਅਧਿਆਪਕ ਆਰ. ਐਨ. ਸ਼ੈਲਜਾ ਨੇ ਬੱਚਿਆਂ ਦੇ ਫਾਇਦੇ ਵਾਸਤੇ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ ਨੂੰ ਸੁਧਾਰਨ ਲਈ ਸਮਾਜ ਦਾ ਸਮਰਥਨ ਜੁਟਾਇਆ। ਜਦੋਂ ਕਿ ਸਿੱਕਮ ਦੇ ਕਰਮਾ ਚੋਗੂ ਭਾਟਿਆ ਬੱਚਿਆਂ ਦੇ ਦਾਖਲੇ ਨੂੰ ਵਧਾਉਣ ਲਈ ਸਖਤ ਕੋਸ਼ਿਸ਼ ਕਰ ਰਹੇ ਹਨ।



ਭਾਰਤ ਦੇ ਮਾਨਯੋਗ ਉਪ-ਰਾਸ਼ਟਰਪਤੀ ਨੇ 5 ਸਤੰਬਰ 2018 ਨੂੰ ਵਿਗਿਆਨ ਭਵਨ ਵਿੱਚ ਸਭ ਨੂੰ ਪੁਰਸਕਾਰ ਦਿੱਤਾ। ਇਸ ਸਮਾਰੋਹ ਦੌਰਾਨ ਹਰ ਅਵਾਰਡੀ ਦੀਆਂ ਪ੍ਰਾਪਤੀਆਂ ਤੇ ਫਿਲਮ ਵੀ ਵਿਖਾਈ ਗਈ।

## ਸਵੱਛ ਵਿਦਿਆਲਿਆ ਪੁਰਸਕਾਰ ਅਧੀਨ ਸਾਫ ਸੁਥਰੇ ਸਕਲਾਂ ਨੂੰ ਸਨਮਾਨਤ ਕਰਨਾ

ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਨੇ ਸਵੱਛ ਵਿਦਿਆਲਿਆ ਪਹਿਲਕਦਮੀ ਦੇ ਅਗਲੇ ਕਦਮ ਵੱਜੋਂ ਜ਼ਿਲਾ, ਰਾਜ ਅਤੇ ਰਾਸ਼ਟਰੀ ਪੱਧਰ ਤੇ ਸਾਲ 2016-17 ਵਿੱਚ ਸਵੱਛ ਵਿਦਿਆਲਿਆ ਪੁਰਸਕਾਰ (ਐਸ.ਵੀ.ਪੀ.) ਦੀ ਸਥਾਪਨਾ ਕੀਤੀ। ਇਹ ਅਵਾਰਡ ਸਕੂਲ ਵਿੱਚ ਸਫ਼ਾਈ ਪ੍ਰਤੀ ਲੰਬੇ ਸਮੇਂ ਤੋਂ ਸਥਿਰਤਾ ਅਤੇ ਵਿਵਹਾਰ ਤਬਦੀਲੀ ਨੂੰ ਯਕੀਨੀ ਬਣਾਉਣ ਲਈ ਦਿੱਤੇ ਗਏ ਹਨ। ਸਵੱਛ ਵਿਦਿਆਲਿਆ ਪੁਰਸਕਾਰ ਸਕੂਲਾਂ ਵਿੱਚ ਪਾਣੀ, ਸੈਨੀਟੇਸ਼ਨ ਅਤੇ ਸਫਾਈ ਅਭਿਆਸਾਂ ਵਿੱਚ ਉੱਤਮਤਾ ਨੂੰ ਮਾਨਤਾ, ਪ੍ਰੇਰਨਾ ਅਤੇ ਮਨਾਉਣ ਲਈ ਇੱਕ ਪਹਿਲ ਹੈ।ਸਕੂਲ ਅਵਾਰਡਾਂ ਲਈ ਸਵੈਇੱਛਤ ਤੌਰ ਤੇ ਸਕੂਲਾਂ ਨੇ ਇੱਕ ਵੈਬਸਾਈਟ ਅਤੇ ਮੋਬਾਈਲ ਐਪ ਰਾਹੀਂ ਅਵਾਰਡ ਲਈ ਅਪਲਾਈ ਕੀਤਾ। ਸਵੱਛ ਵਿਦਿਆਲਿਆ ਪੁਰਸਕਾਰ 2017-18 ਵਿੱਚ ਸਾਰੇ ਪ੍ਰਾਇਵੇਟ, ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਲਈ ਖੁੱਲਾ ਸੀ।

## ਸਵੱਛ ਵਿਦਿਆਲਿਆ ਪੁਰਸਕਾਰ (SVP) 2017-18

ਐਸ ਵੀ ਪੀ ਨੂੰ 2017-18 ਵਿੱਚ ਸਕੂਲਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। 2017-18 ਵਿੱਚ 6,15,152 ਸਕੂਲਾਂ ਨੇ ਇਸ ਪੁਰਸਕਾਰ ਲਈ ਆਨ ਲਾਈਨ ਰਜਿਸਟਰ ਕੀਤਾ ਜੋ ਪਿਛਲੇ ਸਾਲ ਭਾਗ ਲੈਣ ਵਾਲੇ ਸਕੂਲਾਂ ਦੀ ਗਿਣਤੀ ਨਾਲੋਂ ਦੁੱਗਣੇ ਹਨ। ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾ ਨੇ ਰਾਸ਼ਟਰੀ ਪੱਧਰ ਦੇ ਅਵਾਰਡਾਂ ਲਈ 727 ਸਕੂਲ ਸ਼ਾਰਟਲਿਸਟ ਕੀਤੇ। ਕਰਾਸ ਵੈਧਤਾ ਅਤੇ ਪੂਰੀ ਤਰ੍ਹਾਂ ਜਾਂਚ ਤੋਂ ਬਾਅਦ ਚੋਟੀ ਦੇ 52 ਸਕੂਲਾਂ ਨੂੰ ਐਸ ਵੀ ਪੀ 2017-18 ਲਈ ਰਾਸ਼ਟਰੀ ਪੁਰਸਕਾਰ ਪ੍ਰਦਾਨ ਕੀਤੇ ਗਏ। ਚੋਟੀ ਦੇ ਚਾਰ ਰਾਜਾਂ ਜਿਵੇਂ ਕਿ ਪੌਂਡੀਚੇਰੀ, ਤਾਮਿਲਨਾਡੂ, ਗੁਜਰਾਤ ਅਤੇ ਆਂਧਰਾਪ੍ਰਦੇਸ਼ ਅਤੇ 9 ਉੱਤਮ ਜ਼ਿਲਿਆਂ ਜਿਵੇਂ ਕਿ ਪੌਂਡੀਚੇਰੀ, ਸ਼੍ਰੀ ਕਾਕੂਲਮ, ਚੰਡੀਗੜ, ਹਿਸਾਰ, ਕਰਾਈਕਲ, ਲਾਤੂਰ, ਨੈਲੋਰੇ, ਦੱਖਣੀ ਗੋਆ ਅਤੇ ਵਡੋਦਰਾ ਨੂੰ ਮਾਨਤਾ ਦੇ ਸਰਟੀਫਿਕੇਟ ਪ੍ਰਦਾਨ ਕੀਤੇ ਗਏ।

## <u>ਬਹੁ-ਭਾਸ਼ਾਈ ਸਿੱਖਿਆ {ਐਮ .ਐਲ.ਈ } ਉੜੀਸਾ</u>

ਬਹੁ-ਭਾਸ਼ਾਈ ਸਿੱਖਿਆ ਇੱਕ ਬਣਤਰ ਪ੍ਰੋਗਰਾਮ ਹੈ ਮਾਂ-ਬੋਲੀ ਵਿੱਚ ਸ਼ੁਰੂ ਹੋਣ ਤੋਂ ਬਾਅਦ ਬੱਚਿਆ ਨੂੰ ਦੂਜੀ (ਓਡੀਆ) ਅਤੇ ਤੀਜੀ ਭਾਸ਼ਾ (ਅੰਗਰੇਜੀ) ਵਿੱਚ ਤਬਦੀਲੀ ਅਤੇ ਰਾਸ਼ਟਰੀ ਭਾਸ਼ਾਵਾ ਵਿੱਚ ਬਰਾਬਰ ਕੰਮ ਕਰਨ ਦੇ ਯੋਗ ਬਣਾਉਣ ਲਈ ਬੋਧਵਾਦੀ ਅਤੇ ਤਰਕਸ਼ੀਲ ਹੁਨਰਾਂ ਦਾ ਵਿਕਾਸ ਕਰਦਾ ਹੈ। ਓਡੀਸ਼ਾ ਵਿੱਚ ਬੱਚਿਆਂ ਨੂੰ ਓਡੀਆ ਭਾਸ਼ਾ ਵਿੱਚ ਸਿਖਾਇਆ ਜਾਂਦਾ ਹੈ,ਜੋ ਕਿ ਬਹੁਤ ਸਾਰੇ ਕਬੀਲੇ ਦੇ ਬੱਚਿਆ ਲਈ ਚੁਣੌਤੀਪੂਰਨ ਹੁੰਦਾ ਹੈ ਜਿਨਾ ਦੀ ਮਾਂ-ਬੋਲੀ ਓਡੀਆ ਨਹੀਂ ਹੈ। ਪਾਠ-ਪੁਸਤਕਾਂ ਦਾ ਪ੍ਰੰਸਗ ਆਦਿਵਾਸੀ ਬੱਚਿਆ ਲਈ ਅਣਜਾਣ ਹੈ ਜੋ ਉਹਨਾਂ ਨੂੰ ਕਲਾਸਰੂਮ ਦੀ ਅਧਿਆਪਨ ਅਤੇ ਸਿੱਖਣ ਦੀਆਂ ਗਤੀਵਿਧੀਆਂ ਨੂੰ ਪੂਰੀ ਤਰ੍ਹਾਂ ਸਮਝਣ ਤੋਂ ਅਸਮਰੱਥ ਬਣਾਉਦੇ ਹਨ ਜਿਸਦਾ ਧਾਰਨ ਅਤੇ ਸਿੱਖਣ ਦੇ ਨਤੀਜਿਆਂ ਤੇ ਬੁਰਾ ਪ੍ਰਭਾਵ ਪੈਦਾ ਸੀ।

ਮਾਂ-ਬੋਲੀ ਆਧਾਰਿਤ ਬਹੁ-ਭਾਸ਼ਾਈ ਸਿੱਖਿਆ ਪ੍ਰੋਗਰਾਮ ਵਿੱਚ, ਸਕੂਲ ਦੀ ਸਿੱਖਿਆ ਮਾਤ ਭਾਸ਼ਾ ਵਿੱਚ ਸ਼ੁਰੂ ਹੁੰਦੀ ਹੈ ਅਤੇ ਹੌਲੀ-ਹੌਲੀ ਵਾਧੂ ਭਾਸ਼ਾਵਾ ਵਿੱਚ ਤਬਦੀਲ ਹੁੰਦੀ ਹੈ।ਸ਼ੁਰੂ ਵਿੱਚ ਗ੍ਰੇਡਾ ਵਿੱਚ ਸਿੱਖਿਆ ਦੇਣ ਦੇ ਮਾਧਿਅਮ ਵਜੋਂ ਮਾਤ-ਭਾਸ਼ਾ  ਦੀ ਵਰਤੋ ਬੱਚਿਆਂ ਨੂੰ ਭਾਸਾ ਵਿੱਚ ਸੁਰੂਆਤ ਰਾਹੀ ਇੱਕ ਮਜ਼ਬੂਤ ਸਿੱਖਿਆ ਨੀਹ ਦਾ ਵਿਕਾਸ ਕਰਨ ਦੇ ਯੋਗ ਬਣਾਉਦੀ ਹੈ। ਜੋ ਸਿੱਖਣ ਵਾਲੇ ਸਭ ਤੋਂ ਚੰਗੀ ਤਰਾ ਜ਼ਾਣਦੇ ਹਨ। ਗਿਆਨ ਅਤੇ ਤਜ਼ਰਬੇ ਦੀ ਉਸਾਰੀ ਕਰਦੇ ਹਨ ਜ਼ੋ ਉਹ ਕਲਾਸਰੂਮ ਵਿੱਚ ਲਿਆਂਦੇ ਹਨ। 'ਪ੍ਰਗਨਾ' : ਗੁਜ਼ਰਾਤ ਦਾ ਇੱਕ ਗਤੀਵਿਧੀ ਅਧਾਰਿਤ ਸਿਖਲਾਈ ਮਾਡਲ ਭਵਨਗਰ ਦੇ ਦਰਸੀਨਮੂਰਤੀ ਸਕੂਲ ਵਿੱਚ ਸਵਰਗੀ ਸ਼੍ਰੀ ਗੀਜੂਭਾਈ ਬਧੇਕਾ ਦੁਆਰਾ ਕੀਤੇ ਕੰਮ ਕਾਰਨ ਇੱਕ ਸਕੰਲਪ ਵਜ਼ੋ ਗਤੀਵਿਧੀ ਆਧਾਰਿਤ ਆਨੰਦਮਈ ਸਿਖਲਾਈ ਬਹੁਤ ਜ਼ੜ ਗਈ ਹੈ। ਇੱਥੋ ਤੱਕ ਕਿ ਪ੍ਰਾਇਮਰੀ ਕਲਾਸਾ ਦੀਆ ਪਾਠ ਪੁਸਤਕਾ ਵੀ ਉਸੇ ਪੈਡੇਗੋਜ਼ੀ ਨਾਲ ਤਿਆਰ ਕੀਤੀਆ ਗਈਆ ਸਨ। ਹਲਾਕਿ, ਗਨੋਤਸਤ ਵਿੱਚ ਇੱਹ ਦੇਖਿਆ ਗਿਆ ਕਿ ਬਹੁਤ ਸਾਰੇ ਬੱਚਿਆ ਵਿੱਚ ਪੰਜ਼ਵੀ ਜ਼ਮਾਤ ਤੋ ਬਾਦ ਵੀ ਪੜਨ, ਲਿਖਣ ਅਤੇ ਅੰਕਾ ਦੀ ਮੁਢਲੀ ਮੁਹਾਰਤ ਦੀ ਘਾਟ ਸੀ।

ਸਮਸਿਆ ਦਾ ਵਿਸਲੇਸ਼ਣ ਕਰਦੇ ਹੋਏ, ਇਹ ਮਹਿਸੂਸ ਕੀਤਾ ਗਿਆ ਕਿ ਰਾਜ ਨੂੰ ਇਕ ਪੈਡਾਗੋਜੀ ਦੀ ਜਰੂਰਤ ਹੈ ਜੋ ਸਿੱਖਿਆ ਦੀ ਗਰੰਟੀ ਦਿੰਦੀ ਹੈ।ਰਾਜ ਪੱਧਰੀ ਪੈਡਾਗੋਜੀ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਕਿਸਮਾਂ ਦੇ ਪੈਡਾਗੋਜੀ ਮਾਡਲਾਂ ਬਾਰੇ ਵਿਚਾਰ ਵਟਾਂਦਰੇ ਕੀਤਾ ਗਏ ਅਤੇ ਏ. ਬੀ.ਐਲ ਵਿਧੀ ਨੂੰ ਵਧੇਰੇ ਮਜਬੂਤ ਕਰਨ ਦਾ ਫੈਸਲਾ ਕੀਤਾ ਗਿਆ।ਇਸ ਦੇ ਅਨੁਸਾਰ ,ਰੁਸੀ ਵੇਲੀ ਤੋ ਪ੍ਰੇਰਿਤ ਮਾਡਲ ਅਨੁਕੂਲ ਬਣਾਇਆ ਗਿਆ ਸੀ।ਰਾਜ ਨੇ ਐਮ.ਜੀ.ਐਮ.ਐਲ. ਵਿਧੀ ਵਿੱਚ ਸੋਧ ਕੀਤੀ ਸੀ ਅਤੇ ਏ.ਬੀ.ਐਲ. ਪ੍ਰਗਨਾ ਵਿਧੀ ਨਾਲ ਅੱਗੇ ਆਏ ਰਾਜ ਪਧੱਰੀ ਕੋਰ ਟੀਮ ਬਣਾਈ ਗਈ ਸੀ ਅਤੇ ਦੂਜੇ ਰਾਜਾਂ ਵਿੱਚ ਐਮ.ਜੀ.ਐਮ.ਐਲ ਕਿਸਮਾਂ ਦੀਆਂ ਵਿਧੀਆ ਲਾਗੂ ਕਰਨ ਵਾਲੇ ਸਕੂਲਾ ਨੂੰ ਐਕਸਪੋਜਰ ਦਿੱਤਾ ਗਿਆ ਸੀ।ਫਿਰ ਉਸੇ ਕੋਰ ਟੀਮ ਨੂੰ ਯੂਨੀਸੇਫ ਦੇ ਸਹਿਯੋਗ ਨਾਲ ਏ. ਬੀ.ਐਲ-ਪ੍ਰਗਨਾ ਵਿਧੀ ਲਈ ਨਵੀ ਸਮੱਗਰੀ ਤਿਆਰ ਕੀਤੀ। ਹਰੇਕ ਸਕੰਲਪ ਲਈ ਸਿਖੱਣ ਚੱਕਰ{ਜਾਣ-ਪਛਾਣ-ਅਭਿਆਸ-ਮੁਲਾਂਕਣ}ਨੂੰ ਏ.ਬੀ.ਐਲ-ਪ੍ਰੈਗਨਾ ਵਿਧੀ ਵਿੱਚ ਯਕੀਨੀ ਬਣਾਇਆ ਗਿਆ ਹੈ।

### *ਪਹਿਲ ਦੇ ਵੇਰਵੇ*

- ਸ਼ੱਮਗਰੀ ਨੂੰ ਛੋਟੀਆਂ ਗਤੀਵਿਧੀਆ ਵਿੱਚ ਵੰਡਿਆ ਜਾਦਾ ਹੈ ਅਤੇ ਹਰੇਕ ਕਿਰਿਆ ਲਈ ਖਾਸ ਕਾਰਡ ਹੁੰਦਾ ਹੈ।
- ਸ਼ੱਮਗਰੀ ਨੂੰ ਕ੍ਰਮਵਾਰ ਤਰਤੀਬ {ਪੋੜੀ}ਵਿੱਚ ਸੰਗਠਿਤ ਕੀਤਾ ਜਾਦਾ ਹੈ ਜਿਸ ਦੁਆਰਾ ਬੱਚੇ ਆਪਣੇ ਆਪ ਇੱਕ -ਇੱਕ ਕਰਕੇ ਗਤੀਵਿਧੀ ਨੂੰ ਪੂਰਾ ਕਰਕੇ ਤਰਕੀ ਕਰਦੇ ਹਨ।

- ਬੱਚਿਆ ਨੂੰ ਚਾਰ ਵੱਖ-ਵੱਖ ਕਿਸਮਾ ਦੇ ਸਮੂਹਾਂ ਵਿੱਚ ਵਿਵਸਥਿਤ ਕੀਤਾ ਜਾਦਾ ਹੈ।ਬੱਚਾ ਆਪਣੀ ਤਰੱਕੀ ਦੇ ਅਨੁਸਾਰ ਸਮੂਹ ਨੂੰ ਵੱਖਰੇ ਤੌਰ ਤੇ ਬਦਲਦਾ ਰਹਿੰਦਾ ਹੈ।
- ਤਿਨੰ ਕਿਸਮਾਂ ਦੇ ਆਪਸੀ ਤਾਲਮੇਲ{ਅਧਿਆਪਕ-ਬੱਚਾ,ਬੱਚਾ-ਬੱਚਾ,ਸਮੱਗਰੀ}ਯਕੀਨੀ ਬਣਾਈਆ ਜਾਦਾ ਹੈ।
- ਹਰੇਕ ਬੱਚੇ ਦੁਆਰਾ ਸਾਰੀਆਂ ਧਾਰਨਾਵਾਂ ਲਈ ਸਿਖਲਾਈ, ਚੱਕਰ ਦੇ ਮੁਕੰਮਲ ਹੋਣ ਦੇ ਮੁੱਖ ਕਦਮ {ਸੰਕਲਪ,ਅਭਿਆਸ,ਮੁਲਾਂਕਣ ਦੀ ਸ਼ੁਰੂਆਤ}ਰੱਖੇ ਜਾਦੇ ਹਨ।

ਬੱਚੇ ਨੂੰ ਕੁੱਝ ਬਣਾਉਣ ਅਤੇ ਉਸ ਨੂੰ ਪ੍ਰਦਰਸ਼ਿਤ ਕਰਨ ਲਈ ਕਾਫੀ ਮੌਕੇ ਪ੍ਰਾਪਤ ਹੁੰਦੇ ਹਨ।

ਇਹ ਪ੍ਰੋਗਰਾਮ ਸਾਲ 2010ਵਿੱਚ 256 ਸਕੂਲਾਂ ਵਿੱਚ ਸ਼ੁਰੂ ਕੀਤਾ ਗਿਆ ਸੀ।ਹੌਲੀ-ਹੌਲੀ ਪ੍ਰਗਰਾਮ ਨੇ ਸਾਲ 2017-18 ਦੌਰਾਨ ਤਕਰੀਬਨ 22000 ਸਕੂਲਾਂ ਵਿੱਚ ਵਾਧਾ ਕੀਤਾ। ਫਿਰ ਕੁੱਝ ਸੋਧਾਂ ਦੇ ਨਾਲ ਪ੍ਰਗਨਾ ਨੇ ਸਾਲ 2018-19 ਵਿੱਚ ਰਾਜ ਦੇ ਸਾਰੇ ਸਕੂਲਾਂ ਵਿੱਚ ਵਾਧਾ ਕੀਤਾ।

## ਮਿਡ-ਡੇਅ ਮੀਲ : ਨਵੀ ਪਹੁੰਚ

ਦਾਖਲੇ, ਹਾਜਰੀ ਅਤੇ ਰੁਕਾਵਟ ਅਤੇ ਇਕੋ ਸਮੇ ਬੱਚਿਆ ਦੀ ਪੋਸ਼ਣ ਸੰਬੰਧੀ ਸਥਿਤੀ ਵਿੱਚ ਸੁਧਾਰ ਲਿਆਉਣ ਦੇ ਉਦੇਸ਼ ਨਾਲ, ਕੇਂਦਰੀ ਸਪੋਨਸਰਡ ਸਕੀਮ ਦਾ ਪੋਸ਼ਣ ਸਹਾਇਤਾ ਲਈ ਪ੍ਰਾਇਮਰੀ ਸਿੱਖਿਆ ਦਾ ਰਾਸ਼ਟਰੀ ਪ੍ਰੋਗਰਾਮ 15 ਅਗਸਤ 1995 ਨੂੰ ਲਾਂਚ {ਸ਼ੁਰੂ}ਕੀਤਾ ਗਿਆ ਸੀ।ਇਸ ਸਕਮਿ ਦਾ ਵਾਧਾ 2008-09 ਵਿੱਚ ਉੱਚ ਪ੍ਰਾਇਮਰੀ ਕਲਾਸਾਂ ਦੇ ਬੱਚਿਆ ਨੂੰ ਕਵਰ ਕਰਨ ਲਈ ਕੀਤਾ ਗਿਆ ਸੀ ਅਤੇ ਇਸ ਯੋਜਨਾ ਦਾ ਨਾਮ ਬਦਲ ਕੇ {ਸਕੂਲਾ ਵਿੱਚ ਮਿਡ-ਡੇਅ-ਮੀਲ਼ ਸਕੀਮ {ਐਮ.ਡੀ,ਐਮ.ਐਸ} ਵਜੋ ਜਾਣਿਆਂ ਜਾਂਦਾ ਹੈ। ਐਮ.ਡੀ.ਐਮ.ਐਸ ਸਾਰੇ ਸਰਕਾਰੀ ਬੱਚਿਆਂ ਨੂੰ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ ਵਿਸ਼ੇਸ਼ ਸਿਖਲਾਈ ਕੇਂਦਰਾ {ਐਸ.ਟੀ.ਸੀਜ} ਅਤੇ ਮਦਰਾਸਾਜ ਅਤੇ ਮਕਤਾਬਜ ਵਿੱਚ ਸਮਗਰਾ ਸਿਖਲਾਈ ਅਧੀਨ ਸਹਾਇਤਾ ਪ੍ਰਾਪਤ ਸਕੂਲਾ ਵਿੱਚ ਸ਼ਾਮਿਲ ਕਰਦਾ ਹੈ।

ਮਿਡ-ਡੇਅ-ਮੀਲ ਸਕੀਮ ਦਾ ਇੱਕ ਉਦੇਸ ਬੱਚਿਆ ਦੀ ਪੋਸਣ ਸੰਬੰਧੀ ਸਥਿਤੀ ਵਿੱਚ ਸੁਧਾਰ ਕਰਨਾ ਅਤੇ ਉਦੇਸ਼ ਨੂੰ ਪੂਰਾ ਕਰਨਾ ਅਤੇ ਭਾਰਤ ਵਿੱਚ ਬਹੁਗਿਣਤੀ ਬੱਚਿਆ ਦੀ ਸਮੱਸਿਆ ਨੂੰ ਹੱਲ ਕਰਨਾ ਵੀ ਹੈ ਜਿਵੇਂਕਿ ਭੁੱਖ, ਐਮ.ਡੀ.ਐਮ, ਦਿਸ਼ਾ ਨਿਰਦੇਸ਼ਾ ਵਿੱਚ ਦੱਸਿਆ ਗਿਆ ਹੈ ਕਿ ਬੱਚਿਆ ਨੂੰ ਪ੍ਰਇਮਰੀ ਅਤੇ ਅਪਰ-ਪ੍ਰਇਮਰੀ ਪੜਾਵਾਂ ਵਿੱਚ ਕ੍ਰਮਵਾਰ 450 ਅਤੇ 700 ਕੈਲੋਰੀ ਪ੍ਰਾਪਤ ਕਰਨੀਆ ਚਾਹੀਦੀਆਂ ਹਨ। ਸਾਲ 2018-19 ਦੌਰਾਨ 11.34 ਲੱਖ ਯੋਗ ਸਕੂਲਾਂ ਵਿੱਚ ਪਹਿਲੀ ਅੱਠਵੀਂ ਜਮਾਤ ਵਿੱਚ ਪੜ ਰਹੇ 9.17 ਕਰੋੜ ਬੱਚੇ ਇਸ ਯੋਜਨਾ ਦੇ ਅਧੀਨ ਗਏ।

## ਸਮੱਗਰ ਸਿੱਖਿਆ ਐੱਮ ਡੀ ਐੱਮ ਅਤੇ ਕੁਝ ਵਧੀਆ ਅਭਿਆਸਾਂ ਦਾ ਲਾਗੂ ਕਰਨ

ਹਰੇਕ ਸਕੂਲ ਦੇ ਮੁਖੀਆ ਅਤੇ ਅਧਿਆਪਕਾਂ ਨੂੰ ਸਮਗਰੀ ਸਿੱਖਿਆ ਐਮ.ਡੀ ਐਮ ਵਿਦਿਆਰਥੀ ਦੇ ਲਾਭਾਂ ਲਈ ਸਕੂਲ ਸਿੱਖਿਆ ਦੀ ਗੁਣਵੱਤਾ ਵਿਚ ਸੁਧਾਰ ਲਈ ਕੁਝ ਵਧੀਆ ਪ੍ਰਥਾਵਾਂ ਜਿਵੇਂ ਪ੍ਰਬੰਧਾ ਦੀ ਵੱਧ ਤੋ ਵੱਧ ਵਰਤੋ ਲਈ ਸਕੂਲ ਪੱਧਰ ਦੀਆ ਯੋਜਨਾਵਾਂ ਬਣਾਉਣ ਦੀ ਜ਼ਰੂਰਤ ਹੈ ਇਹਨਾਂ ਪ੍ਰਬੰਧਾਂ ਨੂੰ ਸ਼ਾਮਿਲ ਕਰਨ ਲਈ ਉਨਾਂ ਨੂੰ ਆਪਣੇ ਸਕੂਲ ਦੀਆਂ ਗਤੀਵਿਧੀਆਂਅਤੇ ਮੁੜ ਵਿਚਾਰ ਕਰਨ ਦੀ ਜ਼ਰੂਰਤ ਹੈ ਓਹਨਾਂ ਨੂੰ ਇਹ ਯੋਜਨਾ ਬਣਾਉਣ ਦੀ ਵੀ ਜ਼ਰੂਰਤ ਹੈ ਕਿ ਇਹਨਾਂਵਿੱਚ ਕੁਝ ਪ੍ਰਬੰਧਾਂ ਨੂੰ ਕਲਾਸਰੂਮ ਪ੍ਰਕਿਰਿਆਂ ਵਿਚ ਕਿੰਨੀ ਚੰਗੀ ਤਰ੍ਹਾ ਏਕੀਕ੍ਰਿਤ ਕੀਤਾ ਜਾ ਸਕਦਾ ਹੈ ਜ਼ਾਂ

ਇਹ ਕਲਾਸਰੂਮ ਪ੍ਰਕਿਰਿਆਵਾਂ ਜਿਵੇਂ ਕਿ ਈਕੋ ਕਲੱਬ ਯੂਥ ਕਲੱਬ ਲਾਇਬ੍ਰੇਰੀ ਆਦਿ ਨੂੰ ਮਜ਼ਬੂਤ ਕਰਨ ਵਿੱਚ ਕਿਵੇ ਸਹਾਇਤਾ ਪ੍ਰਦਾਨ ਕਰੇਗੀ।

ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵਿੱਚ ਇਕਜੁੱਟਤਾ

ਸਿਹਤ ਅਤੇ ਐੱਮਡੀਐੱਮ ਦੇ ਪੋਸ਼ਣ ਦੇ ਹਿੱਸੇ ਲਈ ਇਸ ਮੰਤਰਾਲੇ ਦੀ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨਾਲ ਇਕਸਾਰਤਾ ਹੈ।

1. ਐਲੀਮੈਂਟਰੀ ਕਲਾਸਾਂ ਛੇ ਤੋਂ ਚੌਦਾਂ ਸਾਲ ਦੇ ਉਮਰ ਗਰੁੱਪ ਵਿੱਚ ਪੜ੍ਹ ਰਹੇ ਬੱਚਿਆਂ ਦੀ ਸਿਹਤ ਜਾਂਚ ਰਾਸ਼ਟਰੀ ਬਾਲ ਸਵੱਛਤਾ ਕਾਰਜਕ੍ਰਮ (ਆਰ ਬੀ ਐਸ ਕੇ) ਅਧੀਨ ਕੀਤੀ ਜਾ ਰਹੀ ਹੈ। ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਸਿਹਤ ਜਾਂਚ ਨੂੰ ਯਕੀਨੀ ਬਣਾਉਣ ਦੀ ਸਲਾਹ ਦਿੱਤੀ ਗਈ ਹੈ।
2. ਸੂਖਮ ਤੱਤ ਸਿਹਤ ਅਤੇ ਪਰਿਵਾਰ ਭਲਾਈ ਦੀ ਇੱਕ ਸਾਰਤਾ ਨਾਲ ਦਿੱਤੇ ਜਾਂਦੇ ਹਨ। ਆਇਰਨ ਅਤੇ ਫਾਲੀਕ **ਐਸਿਡ** (ਆਈ ਐੱਫ ਏ) ਦਵਾਈਆਂ ਦੀ ਹਫ਼ਤਾਵਾਰੀ ਆਇਰਨ ਅਤੇ ਫਾਲੀ ਕੈਸਿਟ ਸਪਲੀਮੈਂਟਸ ਪ੍ਰੋਗਰਾਮ (ਡਬਲਿਊ ਆਈ ਐੱਫ ਐੱਸ) ਅਧੀਨ ਬੱਚਿਆਂ ਨੂੰ ਪ੍ਰਦਾਨ ਕੀਤੇ ਜਾਂਦੇ ਹਨ।
3. ਕੀੜਿਆਂ ਦੀ ਦਵਾਈ ਬੱਚਿਆਂ ਨੂੰ ਨੈਸ਼ਨਲ ਡੀ ਵਾਰਮਿੰਗ ਡੇ (ਐੱਨ ਡੀ ਡੀ) ਸਾਲ ਵਿੱਚ ਦੋ ਵਾਰ ਐਲਬੈਂਡਾਜੋਲ 400 ਦਿੱਤੀ ਜਾਂਦੀ ਹੈ ।

ਖਾਣਾ ਬਣਾਉਣ ਦੇ ਮੁਕਾਬਲੇ

2019-20 ਦੌਰਾਨ ਮਿਡ ਡੇ ਮੀਲ ਲਈ ਖਾਣਾ ਬਣਾਉਣ ਦੇ ਮੁਕਾਬਲੇ ਆਯੋਜਿਤ ਕਰਨਾ ਇੱਕ ਕੇਂਦਰਿਤ ਖੇਤਰ ਹੈ। ਖਾਣਾ ਪਕਾਉਣ ਮੁਕਾਬਲੇ ਕਰਵਾਏ ਜਾਣ ਦੇ ਮੁੱਖ ਉਦੇਸ਼ ਪੂਰੇ ਸਬਜ਼ੀਆਂ ਜਿਵੇਂ ਡੰਡੀਆਂ ਪੱਤੇ ਛਿਲਕੇ ਆਦਿ ਦੀ ਵਰਤੋਂ ਕਰਦਿਆਂ ਸਰਵ ਉੱਤਮ ਪਕਵਾਨਾਂ ਨੂੰ ਉਤਸ਼ਾਹਿਤ ਕਰਕੇ ਕੁੱਕ ਕਮ ਹੈਲਪਰਾਂ ਨੂੰ ਪ੍ਰੇਰਿਤ ਕਰਨਾ, ਸੱਭਿਆਚਾਰਕ ਤੌਰ ਤੇ ਸਵੀਕਾਰੀਆਂ ਖਾਣ ਦੀਆਂ ਆਦਤਾਂ ਅਨੁਸਾਰ ਸਥਾਨਕ ਤੌਰ ਤੇ ਉਪਲੱਬਧ ਖਾਣੇ ਦੇ ਲੇਖਾਂ ਨਾਲ ਮਿਡ ਡੇ ਮੀਲ ਤਿਆਰ ਕਰਨ ਤੇ ਜ਼ੋਰ ਦੇਣਾ, ਮਿਡ ਡੇ ਮੀਲ ਦੀ ਤਿਆਰੀ ਵਿਚ ਭਾਈਚਾਰੇ ਦੀ ਕਾਰੀਗਰੀ ਨੂੰ ਉਤਸ਼ਾਹਿਤ ਕਰਨ ਲਈ ਸਕੂਲ ਦੇ ਬੱਚਿਆਂ ( ਇੱਕ ਪ੍ਰਾਇਮਰੀ ਕਲਾਸਾਂ ਵਿੱਚੋਂ ਅਤੇ ਇੱਕ ਉੱਚ ਪ੍ਰਾਇਮਰੀ ਕਲਾਸਾਂ ਵਿਚੋਂ) ਨੂੰ ਮੁਕਾਬਲੇ ਲਈ ਜੱਜ ਵਜੋਂ ਸ਼ਾਮਿਲ ਕਰਨਾ। ਕਿਉਂਕਿ ਉਹ ਮਿਡ ਡੇ ਮੀਲ ਦੇ ਅੰਤਿਮ ਲਾਭਪਾਤਰੀ ਹਨ। ਇਸ ਤੋਂ ਇਲਾਵਾ ਪੌਸ਼ਟਿਕ ਮਾਹਰ ਖਾਣਾ ਪਕਾਉਣ ਮੁਕਾਬਲੇ ਵਿੱਚ ਸ਼ਾਮਿਲ ਹੋ ਸਕਦੇ ਹਨ ।ਜੇਤੂਆਂ ਨੂੰ ਢੁਕਵੇਂ ਇਨਾਮ ਦਿੱਤੇ ਜਾ ਸਕਦੇ ਹਨ ਅਤੇ ਰਸਮੀ ਤੌਰ ਤੇ ਸਨਮਾਨਿਤ ਕੀਤਾ ਜਾ ਸਕਦਾ ਹੈ।

ਬੱਚੇ ਨੂੰ ਕੁਝ ਬਣਾਉਣ ਅਤੇ ਉਸ ਨੂੰ ਪ੍ਰਦਰਸ਼ਿਤ ਕਰਨ ਲਈ ਕਾਫੀ ਮੌਕੇ ਪ੍ਰਾਪਤ ਹੁੰਦੇ ਹਨ। ਇਹ ਪ੍ਰੋਗਰਾਮ ਸਾਲ ਦੋ ਹਜ਼ਾਰ ਦਸ ਵਿੱਚ 256 ਸਕੂਲਾਂ ਵਿੱਚ ਸ਼ੁਰੂ ਕੀਤਾ ਗਿਆ ਸੀ। ਹੌਲੀ ਹੌਲੀ ਪ੍ਰੋਗਰਾਮ ਨੇ ਸਾਲ 2017-18 ਦੌਰਾਨ ਤਕਰੀਬਨ 22000 ਸਕੂਲਾਂ ਵਿੱਚ ਵਾਧਾ ਕੀਤਾ। ਫਿਰ ਕੁਝ ਸੋਧਾਂ ਦੇ ਨਾਲ ਪਰਗਨਾ ਦੇ ਸਾਲ 2018-19 ਵਿੱਚ ਰਾਜ ਦੇ ਸਾਰੇ ਸਕੂਲਾਂ ਵਿੱਚ ਵਾਧਾ ਕੀਤਾ।

## ਮਿਡ ਡੇ ਮੀਲ ਦੀ **ਨਵੀਂ ਪਹੁੰਚ**

ਦਾਖ਼ਲੇ , ਹਾਜ਼ਰੀ ਨੂੰ ਵਧਾਉਣ ਅਤੇ ਇੱਕੋ ਸਮੇਂ ਬੱਚਿਆਂ ਦੇ ਪੋਸ਼ਣ ਸਬੰਧੀ ਸਥਿਤੀ ਵਿੱਚ ਸੁਧਾਰ ਲਿਆਉਣ ਦੇ ਉਦੇਸ਼ ਨਾਲ ਕੇਂਦਰੀ ਸਪਾਂਸਰਡ ਸਕੀਮ ਦਾ ਪੋਸ਼ਣ ਸਹਾਇਤਾ ਲਈ ਪ੍ਰਾਇਮਰੀ ਸਿੱਖਿਆ ਦਾ ਰਾਸ਼ਟਰੀ ਪ੍ਰੋਗਰਾਮ 15 ਅਗਸਤ 1995 ਨੂੰ ਲਾਂਚ ਕੀਤਾ ਗਿਆ ਸੀ। ਇਸ ਸਕੀਮ ਦਾ ਵਾਧਾ 2008-09 ਵਿੱਚ ਉੱਚ ਪ੍ਰਾਇਮਰੀ ਕਲਾਸਾਂ ਦੇ ਬੱਚਿਆਂ ਨੂੰ ਕਵਰ ਕਰਨ ਲਈ ਕੀਤਾ ਗਿਆ ਸੀ, ਅਤੇ ਇਸ ਯੋਜਨਾ ਦਾ ਨਾਮ ਬਦਲ ਕੇ “ਸਕੂਲਾਂ ਵਿੱਚ ਮਿੱਡ ਡੇ ਮੀਲ ਦਾ ਰਾਸ਼ਟਰੀ ਪ੍ਰੋਗਰਾਮ” ਕੀਤਾ ਗਿਆ ਸੀ, ਜਿਸ ਨੂੰ ਸਕੂਲਾਂ ਵਿੱਚ ਮਿਡ ਡੇ ਮੀਲ ਸਕੀਮ (ਐਮ.ਡੀ. ਐਮ. ਐਸ.) ਵਜੋਂ ਜਾਣਿਆ ਜਾਂਦਾ ਹੈ। ਐੱਮ ਡੀ ਐੱਮ ਐੱਸ ਸਾਰੇ ਸਰਕਾਰੀ ਬੱਚਿਆਂ ਨੂੰ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲ, ਵਿਸ਼ੇਸ਼ ਸਿਖਲਾਈ ਕੇਂਦਰਾਂ, ਐੱਸ ਡੀ ਸੀਜ਼ ਅਤੇ ਮਦਰਾਸ ਅਤੇ ਮਕਤਾ ਬਸ ਵਿੱਚ ਸਮੱਗਰਾਂ ਸਿਖਲਾਈ ਅਧੀਨ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਸ਼ਾਮਿਲ ਕਰਦਾ ਹੈ। ਮਿਡ ਡੇ ਮੀਲ ਸਕੀਮ ਦਾ ਇੱਕ ਉਦੇਸ਼ ਬੱਚਿਆਂ ਦੇ ਪੋਸ਼ਣ ਸਬੰਧੀ ਸਥਿਤੀ ਵਿੱਚ ਸੁਧਾਰ ਕਰਨਾ ਅਤੇ ਉਦੇਸ਼ ਨੂੰ ਪੂਰਾ ਕਰਨਾ ਅਤੇ ਭਾਰਤ ਵਿੱਚ ਬਹੁ ਗਿਣਤੀ ਵਿੱਚ ਵੀ ਬੱਚਿਆਂ ਦੀ ਸਮੱਸਿਆ ਨੂੰ ਹੱਲ ਕਰਨਾ ਵੀ ਹੈ। ਜਿਵੇਂ ਕਿ ਭੁੱਖ ਐੱਮ ਡੀ ਐੱਮ ਦਿਸ਼ਾ ਨਿਰਦੇਸ਼ਾਂ ਵਿੱਚ ਦੱਸਿਆ ਗਿਆ ਹੈ ਕਿ ਬੱਚਿਆਂ ਨੂੰ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਪੜਾਵਾਂ ਵਿੱਚ ਕ੍ਰਮਵਾਰ 450 ਅਤੇ 700 ਕੈਲਰੀ ਵਿੱਚ ਪ੍ਰਾਪਤ ਕਰਨੀਆਂ ਚਾਹੀਦੀਆਂ ਹਨ। ਸਾਲ 2018-19 ਦੌਰਾਨ 11.34 ਲੱਖ ਯੋਗ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਵਿਚ ਪੜ੍ਹ ਰਹੇ ਬੱਚੇ ਇਸ ਯੋਜਨਾ ਦੇ ਅਧੀਨ ਆ ਗਏ।

## ਸਕੂਲ ਪੋਸ਼ਣ ਗਾਰਡਨ ਦੀ ਸਥਾਪਨਾ

ਸਕੂਲ ਪੋਸ਼ਣ ਗਾਰਡਨ (ਐਸ ਐਨ ਜੀ), ਇੱਕ ਜਗ੍ਹਾ ਹੈ ਜਿੱਥੇ ਜੜੀਆਂ ਬੂਟੀਆਂ ਫਲ ਅਤੇ ਸਬਜ਼ੀਆਂ ਸਕੂਲ ਦੇ ਵਿਹੜੇ ਵਿੱਚ ਮਿਡ ਡੇ ਮੀਲ ਦੀ ਤਿਆਰੀ ਵਿੱਚ ਵਰਤੀਆਂ ਜਾਂਦੀਆਂ ਹਨ । ਸਕੂਲ ਪੋਸ਼ਣ ਗਾਰਡਨ ਵਿਕਸਿਤ ਕਰਨ ਦੇ ਉਦੇਸ਼ ਕੁਪੋਸ਼ਣ ਅਤੇ ਸੂਖਮ ਪੋਸ਼ਕ ਤੱਤਾਂ ਦੀ ਘਾਟ ਨੂੰ ਦੂਰ ਕਰਨ ਵਿੱਚ ਮਦਦ ਕਰਨਾ ਅਤੇ ਬੱਚਿਆਂ ਨੂੰ ਕੁਦਰਤ ਤੇ ਬਾਗਬਾਨੀ ਦੇ ਨਾਲ ਪਹਿਲਾਂ ਤਜ਼ਰਬਾ ਦੇਣਾ ਹੈ। ਸਕੂਲ ਦੇ ਪੌਸ਼ਟਿਕ ਬਗੀਚਿਆਂ ਦੀ ਸਥਾਪਨਾ ਲਈ ਜ਼ਮੀਨ ਦੇ ਵੱਡੇ ਟੁਕੜੇ ਦੀ ਜ਼ਰੂਰਤ ਨਹੀਂ ਹੈ ਅਤੇ ਇੱਥੋਂ ਤਕ ਕਿ ਛੱਤ ਦੀਆਂ ਚੋਟੀ ਦੀ ਵਰਤੋਂ ਸਬਜ਼ੀਆਂ ਫਲਾਂ ਅਤੇ ਗੱਠਾਂ ਜਾਰ ਬਰਖਾਸਤ ਮਿੱਟੀ

ਦੇ ਬਰਤਨ ਲੱਕੜ ਦੀ ਪੇਟੀ ਬਸਰਾਮ ਸਿੰਕ, ਖਾਣ ਵਾਲੇ ਟਿਨ ਅਤੇ ਆਟਾ ਬੈਗਾਂ ਵਿੱਚ ਵੀ ਪੌਦੇ ਉਗਾਏ ਜਾ ਸਕਦੇ ਹਨ- ਜਿੱਥੇ ਜ਼ਮੀਨ ਉਪਲੱਬਧ ਨਹੀਂ ਹੈ ।

ਸਾਰੀਆਂ ਉਗਾਈਆਂ ਸਬਜ਼ੀਆਂ, ਸਕੂਲ ਦੇ ਪੌਸ਼ਟਿਕ ਬਗੀਚਿਆਂ ਦੇ ਫਲ ਮਿੱਡੇ ਮੀਲ ਦੇ ਤਹਿਤ ਖਾਧੇ ਜਾ ਸਕਦੇ ਹਨ। ਜਿਸ ਵਿੱਚ ਕਈ ਹਿੱਸੇ ਸ਼ਾਮਿਲ ਹਨ- ਜਿਵੇਂ ਤਣਾ ( ਕੇਲਾ, ਲੌਕੀ, ਕੱਦੂ ਅਤੇ ਧਨੀਆਂ, ਪੁਦੀਨਾ, ਪਾਲਕ), ਫੁੱਲ - ਕੱਦੂ ਦਾ ਫੁੱਲ ,ਮੋਰਿੰਗਾ ਸਬਜ਼ੀਆਂ ਦੇ ਛਿਲਕ ,ਲੌਕੀ, ਕੱਦੂ।

ਲੋਕੀ ਰਾਜ ਨੂੰ ਲਾਈਨ ਵਿਭਾਗ ਜਿਵੇਂ ਕਿ ਕ੍ਰਿਸ਼ੀ ਵਿਗਿਆਨ ਕੇਂਦਰ ਨਾਲ ਇਕਸਾਰਤਾ ਹੋ ਸਕਦੀ ਹੈ। ਸਕੂਲ ਪੋਸ਼ਣ ਗਾਰਡਨ ਸਥਾਪਤ ਕਰਨ ਲਈ ਖੇਤੀਬਾੜੀ ਬਾਗਵਾਨੀ ਵਿਭਾਗ ਖ਼ੁਰਾਕ ਅਤੇ ਪੋਸ਼ਣ ਬੋਰਡ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਆਦਿ ਮਿਡ ਡੇ ਮੀਲ ਸਕੀਮ ਵਿੱਚ ਨਵੀਨਤਾਕਾਰੀ ਇੰਟਰਨੈਸ਼ਨਲ ਲਈ ਫਲੈਕਸੀ ਫੰਡ ਹਿੱਸੇ ਦੇ ਤਹਿਤ 5000 ਰੁਪਏ ਦੀ ਰਕਮ ਪ੍ਰਤੀ ਸਕੂਲ ਪੋਸ਼ਣ ਗਾਰਡਨ ਦੀ ਵਰਤੋਂ ਬੀਜ ਉਪਕਰਨ ਖਾਦ ਆਦਿ ਦੀ ਖਰੀਦ ਲਈ ਕੇਂਦਰ ਅਤੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚਕਾਰ ਸਾਂਝ ਦੇ ਆਧਾਰ ਤੇ ਕੀਤੀ ਜਾ ਸਕਦੀ ਹੈ। ਹਾਲਾਂਕਿ ਜਿਵੇਂ ਕਿ ਮੌਜੂਦਾ ਦਿਸ਼ਾ ਨਿਰਦੇਸ਼ਾਂ ਤੋਂ ਮਾਮੂਲੀ ਜਿਹੀਆਂ ਤਬਦੀਲੀਆਂ ਨਾਲ ਯੋਜਨਾ ਨੂੰ ਲਾਗੂ ਕਰਨ ਦੀ ਸ਼ਕਤੀ ਜ਼ਿਲ੍ਹਾ ਮੈਜਿਸਟ੍ਰੇਟ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪੱਧਰੀ ਕਮੇਟੀ ਨੂੰ ਸੌਂਪੀ ਗਈ ਹੈ, ਕਮੇਟੀ ਸਮੁੱਚੇ ਔਸਤਨ 5000 ਦੇ ਅੰਦਰ ਪੋਸ਼ਣ ਗਾਰਡਨ ਦੀ ਖਾਸ ਜ਼ਰੂਰਤ ਅਤੇ ਆਧਾਰ ਤੇ ਤਰਕਸ਼ੀਲ ਬਣਾ ਸਕਦੀ ਹੈ ਅਤੇ ਫੰਡ ਅਲਾਟ ਕਰ ਸਕਦੀ ਹੈ। ਬੀਜ ਬੂਟੇ ਖੇਤੀਬਾੜੀ ਬਾਗ਼ਬਾਨੀ ਵਿਭਾਗ ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ। ਪ੍ਰੋਗਰਾਮ ਨੂੰ ਲਾਗੂ ਕਰਨ ਵਿੱਤੀ ਸਾਲ 2018-19 ਲਈ ਮਾਸਟਰ ਸਰਕੁਲਰ ਇਹ ਗਾਈਡ ਦੇ ਅਨੁਸਾਰ ਰਾਜ ਵਿੱਚ ਸਕੂਲਾਂ ਵਿੱਚ ਕੰਧ ਉਸਾਰਨ ,ਜ਼ਮੀਨ ਨੂੰ ਸਮਤਲ ਕਰਨ ਆਦਿ ਲਈ ਪੇਂਡੂ ਵਿਕਾਸ ਮੰਤਰਾਲੇ ਦੀ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਯੋਜਨਾ ਐੱਮ ਐੱਨ ਆਰ ਈ ਜੀ ਐੱਸ ਨਾਲ ਮੇਲ ਹੋ ਸਕਦਾ ਹੈ ਅਤੇ ਦਿਹਾਤੀ ਵਿਕਾਸ ਮੰਤਰਾਲੇ ਦੁਆਰਾ ਜਾਰੀ ਕੀਤਾ ਗਿਆ ਐੱਮ ਐੱਨ ਆਰ ਈ ਜੀ ਐੱਸ ਦੁਆਰਾ ਸਹਾਇਤਾ ਲਈ ਮੰਨਣਯੋਗ ਚੀਜ਼ਾਂ ਨਾਲ ਸੰਬੰਧਿਤ ਹੈ।

## ਤਿਥੀ ਭੋਜਣ

ਤਿਥੀ ਭੋਜਣ ਇੱਕ ਪਹਿਲ ਹੈ ਜੋ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾ ਦੁਆਰਾ ਸਕੂਲਾਂ ਵਿੱਚ ਪੜ ਰਹੇ ਬੱਚਿਆਂ ਨੂੰ ਵਾਧੂ ਪੋਸ਼ਣ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਹੈ। ਇਸ ਪ੍ਰੋਗਰਾਮ ਦੇ ਤਹਿਤ ,ਭਾਇਚਾਰਾ ਖਾਸ ਮੌਕਿਆ ਜਿਵੇਂ ਤਿਉਹਾਰਾਂ ,ਜਨਮਦਿਨ , ਵਿਆਹ ਅਤੇ ਰਾਸ਼ਟਰੀ ਮਹੱਤਵ ਦੇ ਦਿਨ ਆਦਿ ਤੇ ਪੂਰਾ ਭੋਜਨ ਜਾਂ ਵਾਧੂ ਚੀਜਾਂ ਪ੍ਰਦਾਨ ਕਰਦੀ ਹੈ। ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਤਿਥੀ ਭੋਜਣ ਮਿਡ -ਡੇ-ਮੀਲ ਦਾ ਬਦਲ ਨਹੀਂ ਹੈ ਅਤੇ ਇਹ ਸਿਰਫ ਪੂਰਕ ਹੈ ਜ਼ਾਂ ਮਿਡ-ਡੇਅ-ਮਿਲ ਨੂੰ ਪੂਰਾ ਕਰਦਾ ਹੈ।ਤਿਥੀ ਭੋਜਣ ਬਾਰੇ ਦਿਸ਼ਾ ਨਿਰਦੇਸ ਪਹਿਲਾਂ ਹੀ ਐਮ. ਐਚ. ਆਰ. ਡੀ. ਦੁਆਰਾ ਜ਼ਾਰੀ ਕੀਤੇ ਜ਼ਾਂ ਚੁੱਕੇ ਹਨ। ਤਿਥੀ ਭੋਜਣ ਦੀ ਧਾਰਨਾ ਅਸਾਮ (ਸੰਪ੍ਰਿਤੀ ਭੋਜਣ),ਆਂਧਰਾ ਪ੍ਰਦੇਸ਼

(ਵਿੰਦੂ ਭੋਜਣਮ),ਦਾਦਰਾ ਅਤੇ ਨਗਰ ਹਵੇਲੀ (ਤਿਥੀ ਭੋਜਣ) ਦਮਨ ਅਤੇ ਦਿਊ (ਤਿਥੀ ਭੋਜਣ) ਹਰਿਆਣਾ (ਬੇਟੀ ਕਾ ਜਨਮਦਿਨ), ਮੱਧ ਪ੍ਰਦੇਸ਼, ਮਹਾਂਰਾਸ਼ਟਰ (ਸਨੇਹ ਭੋਜਣ),ਚੰਡੀਗੜ੍ਹ (ਤਿਥੀ ਭੋਜਣ),ਪੁਡੂਚੇਰੀ (ਅੰਨਾ ਧਨਮ),ਪੰਜਾਬ(ਪ੍ਰੀਤੀ ਭੋਜਣ) ਦੁਆਰਾ ਅਪਣਾਈ ਗਈ ਹੈ।